# ਅਧਿਆਇ 4

# ਪਾਪ ਦੀਆਂ ਭੇਟਾਂ

ਲੇਵੀਆਂ ਦੀ ਪੋਥੀ ਵਿਚ ਯਹੋਵਾਹ ਵੱਲੋਂ ਠਹਿਰਾਈ ਗਈ ਚੋਥੀ ਤਰ੍ਹਾਂ ਦੀ ਭੇਟ ''ਪਾਪ ਦੀ ਭੇਟ'' ਦਾ ਜ਼ਿਕਰ ਪੁਸਤਕ ਵਿਚ ਪਹਿਲਾਂ 4:3 ਵਿਚ ਕੀਤਾ ਗਿਆ ਹੈ। ''ਪਾਪ ਦੀ ਭੇਟ'' ਨੂੰ ਆਮ ਤੌਰ ਤੇ ਇਬਰਾਨੀ ਸ਼ਬਦ *chatta'th* (*ਚੱਟਾਥ*) ਦਾ ਨਿਰਵਿਵਾਦ ਅਨੁਵਾਦ ਮੰਨਿਆ ਜਾਂਦਾ ਹੈ,[1] ਟੀਕਾਕਾਰ ਭਾਵੇਂ ਆਮ ਤੌਰ ਤੇ ਇਸ ਨੂੰ ''ਸ਼ੁੱਧ ਕੀਤੇ ਜਾਣ ਦੀ ਭੇਟ'' ਆਖਦੇ ਹਨ।[2] ''ਸ਼ੁੱਧ ਕੀਤੇ ਜਾਣ ਦੀ ਭੇਟ'' ਦੇ ਅਨੁਵਾਦ ਨੂੰ ਕਈਆਂ ਵੱਲੋਂ ਤਰਜੀਹ ਦਿੱਤੀ ਜਾਂਦੀ ਹੈ ਕਿਉਂ ਜੋ ਲੇਵੀਆਂ ਦੀ ਪੋਥੀ ਵਿੱਚੋਂ ਵਰਤਿਆ ਗਿਆ ਇਬਰਾਨੀ ਸ਼ਬਦ ਨਾ ਸਿਰਫ਼ ਨੈਤਿਕ ਪਾਪਾਂ (ਭੁੱਲ ਚੁੱਕ ਦੇ ਪਾਪਾਂ) ਬਲਕਿ ਰਸਮੀ ਅਸ਼ੁੱਧਤਾ ਦੇ ਸਬੰਧ ਵਿਚ ਵੀ ਹੈ। ਉਦਾਹਰਣ ਲਈ 12:6–8 ਵਿਚ ''ਪਾਪ ਦੀ ਬਲੀ'' ਨੂੰ ਜਣੇਪੇ ਨਾਲ ਸਬੰਧਿਤ ''ਅਸ਼ੁੱਧਤਾ'' ਨੂੰ ਦੂਰ ਕਰਨ ਲਈ ਦੱਸਿਆ ਗਿਆ। ''ਸ਼ੁੱਧ ਕੀਤਾ ਜਾਣਾ'' ਇਕ ਅਜਿਹਾ ਸ਼ਬਦ ਹੈ ਜਿਹੜਾ ਨੈਤਿਕ ਪਾਪ ਨੂੰ ਮਿਆਉਣ ਅਤੇ ਰਸਮੀ ਅਸ਼ੁੱਧਤਾ ਤੋਂ ਸ਼ੁੱਧ ਕੀਤੇ ਜਾਣ ਦੋਹਾਂ ਲਈ ਵਰਤਿਆ ਜਾ ਸਕਦਾ ਹੈ।[3]

4:1 ਵਿਚ ਇਸ ਵਿਸ਼ੇ ਦਾ ਅਰੰਭ ਫ਼ਾਰਮੂਲਾ ਬੱਧ ਵਾਕ ''ਯਹੋਵਾਹ ਮੂਸਾ ਨੂੰ ਆਖਿਆ ਕਿ'' ਦੇ ਨਾਲ ਹੁੰਦਾ ਹੈ। ਬਿਲਕੁਲ ਇਸੇ ਤਰ੍ਹਾਂ ਦੇ ਸ਼ਬਦ 1:1 ਵਿਚ ਯਹੋਵਾਹ ਵੱਲੋਂ ਹੋਮਬਲੀਆਂ, ਮੈਦੇ ਦੀਆਂ ਭੇਟਾਂ ਅਤੇ ਸੁਖ ਸਾਂਦ ਦੀਆਂ ਭੇਟਾਂ ਦੇ ਨਿਯਮ ਦਿੱਤੇ ਜਾਣ ਤੋਂ ਪਹਿਲਾਂ ਵਰਤੇ ਗਏ ਸਨ। 4:1 ਵਾਲੇ ਸ਼ਬਦ ਹੀ ਦੋਸ਼ ਦੀ ਭੇਟ ਦੇ ਸਬੰਧ ਵਿਚ ਨਿਰਦੇਸ਼ ਦਿੱਤੇ ਜਾਣ ਤੋਂ ਪਹਿਲਾਂ 5:14 ਵਿਚ ਫੇਰ ਮਿਲਦੇ ਹਨ। 4:1 ਵਿਚ ਇਸ ਫ਼ਾਰਮੂਲੇ ਦੀ ਵਰਤੋਂ ਇਹ ਸੁਝਾਅ ਦਿੰਦੀ ਹੈ ਕਿ ਨਵਾਂ ਵਿਸ਼ਾ ਸ਼ੁਰੂ ਹੋਣ ਵਾਲਾ ਹੈ।[4] ਮਤਲਬ ਇਹ ਹੈ ਕਿ 1:1—3:17 ਵਿਚ ਆਪਣੀ ਮਰਜ਼ੀ ਦੀਆਂ ਭੇਟਾਂ (ਹੋਮ, ਮੈਦੇ ਦੀ ਅਤੇ ਸੁਖ ਸਾਂਦ ਦੀ) ਪਾਪ (4:1—5:13) ਅਤੇ ਦੋਸ਼ (5:14—6:7) ਲਈ ਲਾਜ਼ਮੀ ਭੇਟਾਂ ਨਾਲੋਂ ਫ਼ਰਕ ਸਨ। ਜੇ ਕੋਈ ਇਸਰਾਏਲੀ ਉਨ੍ਹਾਂ ਪਾਪਾਂ ਦਾ ਦੋਸ਼ੀ ਹੋਵੇ ਜਿਨ੍ਹਾਂ ਲਈ ਪਾਪ ਬਲੀ ਅਤੇ ਦੋਸ਼ ਬਲੀ ਦੇਣ ਲਈ ਕਿਹਾ ਗਿਆ ਸੀ ਤਾਂ ਇਹ ਕੁਰਬਾਨੀਆਂ ਨਾ ਦਿੱਤੇ ਜਾਣ ਤੇ ਉਹ ਦੋਸ਼ੀ ਹੁੰਦਾ ਸੀ।

## ਪਾਪ, ਭੇਟਾਂ ਅਤੇ ਪ੍ਰਾਸਚਿਤ

ਇਹ ਤੱਥ ਕਿ ਸ਼ਰ੍ਹਾ ਵਿਚ ਪਾਪ ਨੂੰ ਮਿਆਉਣ ਲਈ ਦੋ ਵੱਖ ਵੱਖ ਤਰ੍ਹਾਂ ਦੀਆਂ ਭੇਟਾਂ ਸਨ (ਪਾਪ ਬਲੀ ਅਤੇ ਦੋਸ਼ ਬਲੀ), ਉਲਝਾਉਣ ਵਾਲਾ ਹੈ। ਇਸ ਤੋਂ ਇਲਾਵਾ ''ਪ੍ਰਾਸਚਿਤ'' ਦਾ ਵਾਅਦਾ ਕਿਸੇ ਹੋਰ ਭੇਟ (ਹੋਮ ਬਲੀ) ਨਾਲ ਕੀਤਾ ਗਿਆ ਸੀ ਅਤੇ ਪਰਮੇਸ਼ੁਰ ਨਾਲ ਸ਼ਾਂਤੀ ਨੂੰ ਵਧਾਉਣ ਲਈ ਹੋਰ ਤਰ੍ਹਾਂ ਦੀ ਕੁਰਬਾਨੀ ''ਸੁਖ ਸਾਂਦ ਦੀ ਭੇਟ'' ਦੱਸੀ ਗਈ ਸੀ। ਇਨ੍ਹਾਂ ਭੇਟਾਂ ਦਾ ਇਕ ਦੂਜੇ ਨਾਲ ਅਤੇ ਪਾਪਾਂ ਦੀ ਮਾਫ਼ੀ ਨਾਲ ਕੀ ਸਬੰਧ ਹੈ?

ਇਸ ਸਵਾਲ ਦਾ ਜਵਾਬ ਕਈ ਤਰੀਕਿਆ ਨਾਲ ਦਿੱਤਾ ਗਿਆ ਹੈ। ਹੇਠਾਂ ਮਾਫ਼ੀ ਦੇ ਚਾਹਵਾਨ ਚੜ੍ਹਾਵਾ ਲਿਆਉਣ ਵਾਲੇ ਲਈ ਇਨ੍ਹਾਂ ਵੱਖੋ–ਵੱਖ ਭੇਟਾਂ ਨੂੰ ਸਮਝਣ ਦਾ ਇਹ ਤਰੀਕਾ ਸੁਝਾਇਆ ਗਿਆ ਹੈ:

ਸੁਖ ਸਾਂਦ ਦੀ ਭੇਟ: ਪਰਮੇਸ਼ੁਰ ਅੱਗੇ ਚੜ੍ਹਾਵਾ ਲਿਆਉਣ ਵਾਲੇ ਉੱਤੇ ਮੇਹਰ ਦੀ ਨਜ਼ਰ ਕਰਨ

ਦੀ ਇਕ ਬੇਨਤੀ।[5]

ਹੋਮ ਬਲੀਆਂ: ਆਮ ਅਰਥ ਵਿਚ ਮਾਫ਼ੀ ਲਈ ਇਕ ਬੇਨਤੀ।[6]

ਪਾਪ ਦੀ ਭੇਟ: ਕਿਸੇ ਖ਼ਾਸ ਪਾਪ ਦੀ ਮਾਫ਼ੀ ਲਈ ਬੇਨਤੀ।

ਦੋਸ਼ ਬਲੀ: ਕਿਸੇ ਖ਼ਾਸ ਤਰ੍ਹਾਂ ਦੇ ਪਾਪ ਦੀ ਮਾਫ਼ੀ ਲਈ ਬੇਨਤੀ।

ਇਨ੍ਹਾਂ ਵੱਖੋ-ਵੱਖ ਭੇਟਾਂ ਅਤੇ ਅੱਜ ਦੇ ਮਸੀਹੀ ਲੋਕਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਵੱਖੋ-ਵੱਖ ਦੁਆਵਾਂ ਵਿਚਕਾਰ ਸਮਾਨਤਾਵਾਂ ਬਣਾਈਆ ਜਾ ਸਕਦੀਆਂ ਹਨ। ਅਸੀਂ ਪਰਮੇਸ਼ੁਰ ਨੂੰ ਸੁਰਗ ਤੋਂ ਹੇਠਾਂ ਵੇਖ ਕੇ ਸਾਨੂੰ ਬਰਕਤ ਦੇਣ ਲਈ ਆਖਦੇ ਹਾਂ, ਜੋ ਕਿ ਇਸਰਾਏਲੀਆਂ ਵੱਲੋਂ ਸੁਖ ਸਾਂਦ ਦੀ ਭੇਟ ਵਿਚ ਚਾਹੇ ਜਾਣ ਵਾਂਗ ਹੈ। ਅਸੀਂ ਆਮ ਸ਼ਬਦਾਂ ਵਿਚ ਪਾਪਾਂ ਦੀ ਮਾਫ਼ੀ ਮੰਗਦੇ ਹਾਂ। ਜਦੋਂ ਅਸੀਂ ਆਖਦੇ ਹਾਂ, ''ਹੇ ਪਿਤਾ, ਸਾਨੂੰ ਸਾਡੇ ਪਾਪ ਮਾਫ਼ ਕਰ,'' ਤਾਂ ਇਹ ਕਿਸੇ ਇਸਰਾਏਲੀ ਦੇ ਹੋਮ ਬਲੀ ਦੇਣ ਵੇਲੇ ਮੰਗੀ ਜਾਣ ਵਾਲੀ ਮਾਫ਼ੀ ਦੀ ਬੇਨਤੀ ਵਾਂਗ ਹੁੰਦਾ ਹੈ। ਕਈ ਵਾਰ ਅਸੀਂ ਇਹ ਮੰਨਦੇ ਹਾਂ ਕਿ ਅਸੀਂ ਖ਼ਾਸ ਪਾਪ ਕੀਤੇ ਹਨ; ਅਤੇ ਅਸੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਜੇ ਅਸੀਂ ਮਾਫ਼ੀ ਚਾਹੁੰਦੇ ਹਾਂ ਤਾਂ ਸਾਨੂੰ ਉਨ੍ਹਾਂ ਪਾਪਾਂ ਨੂੰ ਮੰਨ ਕੇ ਉਨ੍ਹਾਂ ਲਈ ਹਰਜਾਨਾ ਭਰਨਾ ਜ਼ਰੂਰੀ ਹੈ। ਅਜਿਹਾ ਕਰਨਾ ਪਾਪ ਬਲੀ ਜਾਂ ਦੋਸ਼ ਬਲੀ ਚੜ੍ਹਾਉਣ ਦੇ ਵਰਗਾ ਹੀ ਹੈ।

ਲੇਵੀਆਂ 4 ਇਹ ਫ਼ਰਕ ਸਾਫ਼ ਨਹੀਂ ਕਰਦਾ ਬਲਕਿ ਵਚਨ ਚਾਰ ਤਰ੍ਹਾਂ ਦੇ ਪਾਪੀਆਂ ਦੀ ਪਰਿਭਾਸ਼ਾ ਦਿੰਦਾ ਹੈ ਅਤੇ ਦੱਸਦਾ ਹੈ ਕਿ ਮਾਫ਼ੀ ਪਾਉਣ ਲਈ ਉਨ੍ਹਾਂ ਲਈ ਕੀ ਚੜ੍ਹਾਉਣਾ ਜ਼ਰੂਰੀ ਹੈ।

## ਪਾਪ ਦੀਆਂ ਭੇਟਾਂ ਸਬੰਧੀ ਨਿਯਮਾਂ ਦਾ ਦੇਣ ਵਾਲਾ (4:1, 2)

**1ਯਹੋਵਾਹ ਮੂਸਾ ਨੂੰ ਆਖਿਆ ਕਿ 2ਇਸਰਾਏਲੀਆਂ ਨੂੰ ਬੋਲ ਕਿ ਜੇ ਕੋਈ ਪ੍ਰਾਣੀ ਯਹੋਵਾਹ ਦੀਆਂ ਆਗਿਆਂ ਵਿੱਚੋਂ ਅਣਜਾਣ ਹੋ ਕੇ ਕਿਸੇ ਦਾ ਪਾਪ ਕਰੇ, ਉਨ੍ਹਾਂ ਗੱਲਾਂ ਵਿੱਚ ਜੋ ਕਰਨ ਜੋਗ ਨਹੀਂ ਉਨ੍ਹਾਂ ਨੂੰ ਕਰੇ।**

ਇਨ੍ਹਾਂ ਦੋ ਆਇਤਾਂ ਤੋਂ ਪਾਪ ਦੀ ਭੇਟ ਨਾਲ ਸਬੰਧਿਤ ਪਰਮੇਸ਼ੁਰ ਦੇ ਨਿਯਮਾਂ ਦੀ ਜਾਣ-ਪਛਾਣ ਹੁੰਦੀ ਹੈ।

**ਆਇਤਾਂ 1, 2.** ਯਹੋਵਾਹ ਵੱਲੋਂ ਆਪਣੇ ਲੋਕਾਂ ਤੋਂ ਚਾਹੀਆਂ ਗਈਆਂ ਭੇਟਾਂ ਸਬੰਧੀ ਉਹਦੇ ਨਿਯਮਾਂ ਦੀ ਭੂਮਿਕਾ ਤੋਂ ਬਾਈਬਲ ਦੇ ਪਾਠਕ ਨੂੰ: **ਯਹੋਵਾਹ ਮੂਸਾ ਨੂੰ ਆਖਿਆ ਕਿ** (ਵੇਖੋ ਕੂਚ 13:1; 25:1; 40:1) ਸ਼ਬਦਾਂ ਨਾਲ ਜਾਣੂ ਕਰਵਾਇਆ ਜਾਂਦਾ ਹੈ। ਲੇਵੀਆਂ ਅਤੇ ਗਿਣਤੀ ਦੀਆਂ ਕਿਤਾਬਾਂ ਵਿਚ ਇਹੀ ਭੂਮਿਕਾ ਵਰਤੀ ਗਈ ਹੈ। ਇਨ੍ਹਾਂ ਸ਼ਬਦਾਂ ਨਾਲ ਪਾਠਕਾਂ ਨੂੰ ਦੱਸਿਆ ਜਾਂਦਾ ਹੈ ਕਿ ਇਸ ਨਿਯਮ ਦਾ ਅਸਲ ਦੇਣ ਵਾਲਾ ''ਯਹੋਵਾਹ'' ਸੀ ਅਤੇ ''ਮੂਸਾ'' ਉਸ ਦਾ ਤਰਜਮਾਨ ਸੀ।

ਪਰਮੇਸ਼ੁਰ ਨੇ ਪਾਪਾਂ ਦੀਆਂ ਦੋ ਖਾਸ ਗੱਲਾਂ ਦੱਸੀਆਂ ਜਿਨ੍ਹਾਂ ਦੇ ਉਪਚਾਰ ਲਈ ਇਹ ਭੇਟਾਂ ਸਨ। *ਪਹਿਲਾਂ ਤਾਂ, ਇਹ ਗੈਰ-ਇਰਾਦਤਨ ਪਾਪ ਸਨ।* ਯਹੋਵਾਹ ਨੇ ਆਖਿਆ, **ਜੇ ਕੋਈ ਪ੍ਰਾਣੀ . . . ਅਣਜਾਣ ਹੋ ਕੇ ਪਾਪ ਕਰੇ . . . ।** ਕਈ ਅਨੁਵਾਦਾਂ ਵਿਚ ਭਾਵੇਂ ''ਗੈਰ-ਇਰਾਦਤਨ'' ਹੈ ਪਰ ਹੋਰਨਾਂ ਅਨੁਵਾਦਾਂ ਵਿਚ ''ਅਗਿਆਨਤਾ ਨਾਲ'' (KJV), ''ਅਭੋਲ'' (REB; NAB; NJB), ਅਤੇ ''ਅਚਾਨਕ'' (NCV) ਹੈ। ਗੈਰ-ਇਰਾਦਤਨ ਪਾਪ ਅਗਿਆਨਤਾ ਜਾਂ ਕਮਜ਼ੋਰੀ ਦਾ ਪਾਪ ਸੀ; ਇਹ ਅਚਾਨਕ ਬਿਨਾਂ ਇਰਾਦੇ ਦੇ ਜਾਂ ਬਿਨਾਂ ਯੋਜਨਾ ਦੇ, ਚੁੱਕਣਾ ਨਾਲ ਕੀਤੇ ਜਾਣ ਵਰਗਾ ਪਾਪ ਸੀ। ਕਲਾਈਡ ਐੱਮ. ਵੂਡਸ ਦੇ ਅਨੁਸਾਰ ''ਅਚੇਤ ਹੀ'' (RSV) ਦਾ ਅਨੁਵਾਦ ''ਗ਼ਲਤੀ ਨਾਲ'' ਕੀਤਾ ਜਾ ਸਕਦਾ ਹੈ; ਅਜਿਹੇ ਅਪਰਾਧਾਂ ਵਿਚ ''ਨਾ ਸਿਰਫ਼ ਅਗਿਆਨਤਾ ਵਾਲੇ ਪਾਪ ਬਲਕਿ ਬੇਪਰਵਾਹੀ,

ਅਣਗਹਿਲੀ ਜਾਂ ਹੋਰ ਮਨੁੱਖੀ ਗ਼ਲਤੀ ਦੇ ਆਮ ਪਾਪ ਵੀ ਹਨ।'' ਉਹਨੇ ਇਹ ਵੀ ਦੱਸਿਆ, ''ਇਹ ਪ੍ਰਕਾਰ ਗਿਣਤੀ 15:27–31 ਵਾਲੇ 'ਹੰਕਾਰ ਨਾਲ' ਕੀਤੇ ਜਾਣ ਵਾਲੇ ਪਾਪ ਭਾਵ ਯਹੋਵਾਹ ਦੇ ਵਿਰੁੱਧ ਖੁੱਲ੍ਹੇ ਵਿਦ੍ਰੋਹ ਅਤੇ ਬਗ਼ਾਵਤ ਦੇ ਪਾਪ ਨਾਲੋਂ ਉਲਟ ਹੈ।''[7] ਰੌਏ ਗੇਨ ਨੇ ਅਣਭੋਲ ਪਾਪ ਬਾਰੇ ਕਿਹਾ ਹੈ, ''ਇਹ ਉਲੰਘਣਾ ਅਚਾਨਕ ਹੋ ਸਕਦੀ ਹੈ ਜਾਂ ਹੋ ਸਕਦਾ ਹੈ ਕਿ ਵਿਅਕਤੀ ਨੂੰ ਇਹ ਤਾਂ ਪਤਾ ਹੋਵੇ ਕਿ ਉਹ ਜਾਣ–ਬੁੱਝ ਕੇ ਕੀ ਕਰ ਰਿਹਾ ਜਾਂ ਕਰ ਰਹੀ ਹੈ ਪਰ ਉਹਨੂੰ ਇਹ ਸਮਝ ਨਾ ਹੋਵੇ ਕਿ ਇਹ ਗ਼ਲਤ ਹੈ।''[8] ਇਸ ਦਾ ਮਤਲਬ ਇਹ ਹੋਇਆ ਕਿ ਪਾਪ ਦੀ ਬਲੀ ''ਅਣਜਾਣੇ ਵਿਚ, ਇਸ ਨੂੰ ਕਰਨ ਦੇ ਇਰਾਦੇ ਦੇ ਬਗ਼ੈਰ ਅਤੇ ਸ਼ਾਇਦ ਬਿਨਾਂ ਜਾਣੇ ਕੀਤੇ (ਲੇਵੀਆਂ 4:2; 5:15)'' ਖ਼ਾਸ ਪਾਪਾਂ ਲਈ ਸੀ।[9]

ਜਿਨ੍ਹਾਂ ਪਾਪਾਂ ਲਈ ਸੋਚਣਾ ਜ਼ਰੂਰੀ ਸੀ (ਜਿਵੇਂ ਝੂਠ ਬੋਲਣਾ ਅਤੇ ਚੋਰੀ ਕਰਨਾ) ਉਹ ਵੀ ''ਗੈਰ–ਇਰਾਦਤਨ'' ਪਾਪਾਂ ਜਾਂ ''ਗ਼ਲਤੀ ਨਾਲ'' ਕੀਤੇ ਪਾਪਾਂ ਦੀ ਸ਼੍ਰੇਣੀ ਵਿਚ ਆ ਸਕਦੇ ਸਨ ਅਤੇ ਮਾਫ਼ ਕੀਤੇ ਜਾ ਸਕਦੇ ਸਨ।[10] ਅਜਿਹੇ ਪਾਪਾਂ ਅਤੇ ਉਨ੍ਹਾਂ ਪਾਪਾਂ ਵਿਚਕਾਰ ਜਿਨ੍ਹਾਂ ਲਈ ਕੁਰਬਾਨੀ ਨਹੀਂ ਦਿੱਤੀ ਜਾ ਸਕਦੀ ਸੀ, ਫ਼ਰਕ ਸੰਭਵ ਤੌਰ ਤੇ ਪਾਪੀ ਦਾ ਰਵੱਈਆ ਸੀ। ਹੋ ਸਕਦਾ ਹੈ ਕਿ ਚੋਰੀ ਕਰਨ ਦੀ ਸੋਚ ਕੇ ਕੁਝ ਚੋਰੀ ਕਰਨ ਵਾਲਾ ਕਮਜ਼ੋਰ ਹੋਵੇ, ਪਰ ਜਿਹਨੂੰ ਪਰਮੇਸ਼ੁਰ ਦੀ ਇੱਛਾ ਦਾ ਪਤਾ ਸੀ ਉਹਨੇ ਇਕ ਅਰਥ ਵਿਚ ਉਸ ਦਾ ਵਿਰੋਧ ਕਰਦਿਆਂ ਇਹ ਆਖਦਿਆਂ ਕਿ ''ਮੈਨੂੰ ਨਹੀਂ ਪਰਵਾਹ ਕਿ ਪਰਮੇਸ਼ੁਰ ਕੀ ਆਖਦਾ ਹੈ; ਮੈਂ ਤਾਂ ਜੋ ਮੇਰਾ ਮਨ ਕਰਦਾ ਹੈ ਉਹੀ ਕਰਾਂਗਾ'' ਜਾਣਬੁੱਝ ਕੇ ਪਾਪ ਕੀਤਾ।

ਗਿਣਤੀ 15:27–31 ਅਨੁਸਾਰ ਜੇ ਕੋਈ ਜਾਣਬੁੱਝ ਕੇ ''ਲਲਕਾਰਦੇ ਹੋਏ,'' ਜਾਂ ''ਹੰਕਾਰ ਨਾਲ'' (RSV) ਪਾਪ ਕਰਦਾ ਹੈ, ਤਾਂ ਉਹਦੇ ਲਈ ਕੋਈ ਪਾਪ ਦੀ ਬਲੀ ਨਹੀਂ ਸੀ। ਜਾਣ–ਬੁੱਝ ਕੇ ਕੀਤੇ ਜਾਣ ਵਾਲੇ ਪਾਪ ਦੇ ਪ੍ਰਾਸਚਿਤ ਲਈ ਕੋਈ ਕੁਰਬਾਨੀ ਨਹੀਂ ਸੀ। ਇਸ ਦੇ ਉਲਟ ਉਹਨੇ ''ਆਪਣੇ ਲੋਕਾਂ ਵਿੱਚੋਂ ਛੇਕਿਆ'' ਜਾਣਾ ਸੀ। ਪਰਮੇਸ਼ੁਰ ਦੇ ਖੁੱਲ੍ਹੇ ਵਿਦ੍ਰੋਹ ਵਿਚ ਕੀਤੇ ਗਏ ਪਾਪਾਂ ਲਈ ਕੋਈ ਕੁਰਬਾਨੀ ਨਹੀਂ ਦਿੱਤੀ ਜਾ ਸਕਦੀ ਸੀ।[11] ਇਹ ਵਚਨ ਤੋਬਾ ਦੇ ਸਵਾਲ ਦਾ ਜਵਾਬ ਨਹੀਂ ਦਿੰਦਾ।

ਦੂਸਰਾ, *ਜਿਨ੍ਹਾਂ ਪਾਪਾਂ ਲਈ ਪਾਪ ਦੀ ਭੇਟ ਦਿੱਤੀ ਜਾ ਸਕਦੀ ਸੀ, ਉਨ੍ਹਾਂ ਵਿਚ ਪਰਮੇਸ਼ੁਰ ਦੇ ਨਿਯਮਾਂ ਦਾ ਤੋੜਿਆ ਜਾਣਾ ਸ਼ਾਮਿਲ ਸੀ।* ਪਾਪ ਕਰਨ ਵਾਲਾ ਵਿਅਕਤੀ **ਯਹੋਵਾਹ ਦੀਆਂ ਆਗਿਆਂ** ਦੇ ਉਲਟ ਕਰਦਾ ਹੈ। ਅਨੁਵਾਦ ਹੋਏ ਸ਼ਬਦ ''ਪਾਪ'' ਦੇ ਮੂਲ ਸ਼ਬਦ *chata'* (*ਖਾਤਅ*) ਦਾ ਬੁਨਿਆਦੀ ਅਰਥ ''ਨਿਸ਼ਾਨਾ ਖੁੰਝਣਾ'' ਹੈ।[12] ਕਿਹਦਾ ਨਿਸ਼ਾਨਾ? ਪਰਮੇਸ਼ੁਰ ਦਾ! ਅਧਿਆਇ ਦੀ ਭੂਮਿਕਾ ਸਾਫ਼ ਦੱਸਦੀ ਹੈ ਕਿ ਪਾਪ ਕਰਨ ਵਾਲਾ ਵਿਅਕਤੀ ਪਰਮੇਸ਼ੁਰ ਦੀ ਸ਼ਰ੍ਹਾ ਨੂੰ ਨਾ ਮੰਨ ਕੇ, ਉਸ ''ਨਿਸ਼ਾਨੇ'' ਤੋਂ ਖੁੰਝਦਾ ਸੀ ਜਿਹੜਾ ਪਰਮੇਸ਼ੁਰ ਨੇ ਦਿੱਤਾ ਸੀ।

## ਮਸਹ ਕੀਤੇ ਹੋਏ ਯਾਜਕ ਲਈ ਪਾਪ ਦੀ ਭੇਟ: ਬਲਦ (4:3-12)

**3ਜੇ ਕਦੀ ਮਸਹ ਕੀਤਾ ਹੋਇਆ ਜਾਜਕ ਲੋਕਾਂ ਨੂੰ ਦੋਸ਼ੀ ਬਣਾਉਣ ਦਾ ਪਾਪ ਕਰੇ ਤਾਂ ਉਹ ਆਪਣੇ
ਪਾਪ ਦੇ ਲਈ ਜੋ ਉਸ ਨੇ ਕੀਤਾ ਇੱਕ ਜੁਆਨ ਬਲਦ ਬੱਜ ਤੋਂ ਰਹਿਤ ਯਹੋਵਾਹ ਦੇ ਅੱਗੇ ਪਾਪ ਦੀ
ਭੇਟ ਕਰ ਕੇ ਲਿਆਵੇ 4ਅਰ ਉਹ ਉਸ ਬਲਦ ਨੂੰ ਮੰਡਲੀ ਦੇ ਡੇਰੇ ਦੇ ਬੂਹੇ ਕੋਲ ਯਹੋਵਾਹ ਦੇ ਅੱਗੇ
ਲਿਆਵੇ ਅਤੇ ਆਪਣਾ ਹੱਥ ਬਲਦ ਦੇ ਸਿਰ ਉੱਤੇ ਧਰਕੇ ਬਲਦ ਨੂੰ ਯਹੋਵਾਹ ਦੇ ਅੱਗੇ ਕੱਟ ਸਿੱਟੇ
5ਅਤੇ ਮਸਹ ਕੀਤਾ ਹੋਇਆ ਜਾਜਕ ਉਸ ਬਲਦ ਦੇ ਲਹੂ ਵਿੱਚੋਂ ਕੁਝ ਲੈ ਕੇ ਮੰਡਲੀ ਦੇ ਡੇਰੇ ਨੂੰ ਲਿਆਵੇ
6ਅਤੇ ਜਾਜਕ ਆਪਣੀ ਉਂਗਲੀ ਲਹੂ ਵਿੱਚ ਡੋਬ ਕੇ ਪਵਿੱਤਰ ਅਸਥਾਨ ਦੇ ਪੜਦੇ ਦੇ ਮੋਹਰੇ ਉਹ ਲਹੂ
ਯਹੋਵਾਹ ਦੇ ਅੱਗੇ ਸੱਤ ਵਾਰੀ ਛਿਣਕੇ 7ਅਤੇ ਜਾਜਕ ਉਸ ਲਹੂ ਵਿੱਚੋਂ ਸੁਗੰਧੀ ਧੂਪ ਦੀ ਜਗਵੇਦੀ ਦੇ
ਸਿੰਙਾਂ ਉੱਤੇ ਜੋ ਮੰਡਲੀ ਦੇ ਡੇਰੇ ਵਿੱਚ ਹੈ, ਯਹੋਵਾਹ ਦੇ ਅੱਗੇ ਕੁਝ ਪਾਵੇ ਅਤੇ ਬਲਦ ਦਾ ਸਾਰਾ ਲਹੂ ਹੋਮ**

**ਦੀ ਜਗਵੇਦੀ ਦੇ ਹੇਠ ਜੋ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਹੈ ਡੋਲ੍ਹ ਦੇਵੇ [8]ਅਤੇ ਉਹ ਉਸ ਤੋਂ ਬਲਦ ਦੀ ਸਾਰੀ ਚਰਬੀ ਪਾਪ ਦੀ ਭੇਟ ਕਰਕੇ ਵੱਖਰੀ ਕਰੇ, ਉਹ ਚਰਬੀ ਜੋ ਆਂਦ੍ਹਾਂ ਨੂੰ ਕੱਜਦੀ ਹੈ ਅਤੇ ਸਾਰੀ ਚਰਬੀ ਜੋ ਆਂਦ੍ਹਾਂ ਦੇ ਉੱਤੇ ਹੈ [9]ਅਤੇ ਦੋਵੇਂ ਗੁਰਦੇ ਅਤੇ ਵੱਖੀਆਂ ਦੇ ਕੋਲ ਉਨ੍ਹਾਂ ਉੱਤੇ ਜਿਹੜੀ ਚਰਬੀ ਹੈ ਅਤੇ ਉਸ ਝਿੱਲੀ ਨੂੰ ਜੋ ਕਲੇਜੇ ਉੱਤੇ ਹੈ ਗੁਰਦਿਆਂ ਸਣੇ ਉਹ ਵੱਖਰੀ ਕਰੇ [10]ਜਿਸ ਤਰ੍ਹਾਂ ਉਹ ਸੁਖ ਸਾਂਦ ਦੀਆਂ ਭੇਟਾਂ ਦੀ ਬਲੀ ਦੇ ਬਲਦ ਤੋਂ ਵੱਖਰੇ ਹੋਏ ਅਤੇ ਜਾਜਕ ਉਨ੍ਹਾਂ ਨੂੰ ਹੋਮ ਦੀ ਜਗਵੇਦੀ ਉੱਤੇ ਸਾੜੇ [11]ਅਤੇ ਬਲਦ ਦੀ ਖੱਲ ਉਸ ਦਾ ਸਾਰਾ ਮਾਸ ਅਤੇ ਉਸ ਦੇ ਸਿਰ ਸਣੇ ਅਤੇ ਉਸ ਦੀਆਂ ਲੱਤਾਂ ਸਣੇ ਅਤੇ ਉਸ ਦੀਆਂ ਆਂਦ੍ਹਾਂ ਅਤੇ ਉਸ ਦਾ ਗੋਹਾ [12]ਅਰਥਾਤ ਸਾਰਾ ਬਲਦ ਉਹ ਡੇਰਿਆਂ ਤੋਂ ਬਾਹਰ ਇੱਕ ਸੁਥਰੀ ਥਾਂ ਵਿੱਚ ਜਿੱਥੇ ਸੁਆਹ ਪੈਂਦੀ ਹੈ ਲੈ ਜਾਵੇ ਅਤੇ ਉਸ ਨੂੰ ਅੱਗ ਨਾਲ ਲੱਕੜਾਂ ਉੱਤੇ ਸਾੜ ਸੁੱਟੇ, ਉਹ ਉੱਥੇ ਹੀ ਸਾੜਿਆ ਜਾਏ ਜਿੱਥੇ ਸੁਆਹ ਰੱਖੀ ਜਾਂਦੀ ਹੈ।**

ਵਿਸ਼ੇ ਦੀ ਭੂਮਿਕਾ ਦੇਣ ਤੋਂ ਬਾਅਦ ਯਹੋਵਾਹ ਨੇ ਮੂਸਾ ਨੂੰ ਪਾਪੀਆਂ ਦੀਆਂ ਚਾਰ ਸ਼੍ਰੇਣੀਆਂ ਵਿੱਚੋਂ ਪਹਿਲੀ ਸ਼੍ਰੇਣੀ ਬਾਰੇ ਦੱਸਿਆ ਜਿਸ ਨੂੰ ਇਸ ਸਬੰਧੀ ਨਿਰਦੇਸ਼ਾਂ ਦੀ ਲੋੜ ਸੀ ਕਿ ਪਾਪ ਕਰਨ ਤੇ ਉਨ੍ਹਾਂ ਨੂੰ ਮਾਫ਼ੀ ਕਿਵੇਂ ਮਿਲ ਸਕਦੀ ਹੈ।

**ਆਇਤ 3.** ਪਹਿਲੀ ਸ਼੍ਰੇਣੀ ਵਾਲਾ ਪਾਪੀ **ਮਸਹ ਕੀਤਾ ਹੋਇਆ ਜਾਜਕ** ਜਾਂ ਮਹਾ ਯਾਜਕ ਹੈ। ਜਿਸ ਪਾਪ ਲਈ ਉਹ ਨੇ **ਪਾਪ ਦੀ ਭੇਟ** ਦੇਣੀ ਹੁੰਦੀ ਸੀ ਉਹ **ਲੋਕਾਂ ਨੂੰ ਦੋਸ਼ੀ ਬਨਾਉਣ ਦਾ ਪਾਪ** ਸੀ। ਮਹਾਯਾਜਕ ਦੇ ਕੰਮ ਬੇਹੱਦ ਅਹਿਮ ਸਨ। ਜੇ ਉਹ ਆਪਣੇ ਕੰਮ ਨੂੰ ਪਰਮੇਸ਼ੁਰ ਦੇ ਨਿਰਦੇਸ਼ਾਂ ਅਨੁਸਾਰ ਕਰਦਾ ਤਾਂ ਪੂਰੀ ਕੌਮ ਨੂੰ ਫ਼ਾਇਦਾ ਹੋਣਾ ਸੀ: ਸਾਰਿਆਂ ਨੇ ਬਰਕਤ ਪਾਉਣੀ ਸੀ ਅਤੇ ਸਾਰਿਆਂ ਨੂੰ ਮਾਫ਼ੀ ਮਿਲਣੀ ਸੀ। ਦੂਜੇ ਪਾਸੇ ਜੇ ਉਹ ਕਿਸੇ ਤਰ੍ਹਾਂ ਨਾਲ ਕੋਈ ਗ਼ਲਤੀ ਕਰ ਦਿੰਦਾ ਤਾਂ ਉਸ ਦਾ ਪਾਪ ਮੰਡਲੀ ਉੱਤੇ ਆਉਣਾ ਸੀ ਜਿਸ ਨੇ ਉਹਨੂੰ ਦੋਸ਼ੀ ਬਣਾ ਦੇਣਾ ਸੀ।

ਮਸਹ ਕੀਤੇ ਹੋਏ ਯਾਜਕ ਲਈ ਆਪਣੇ ਪਾਪ ਲਈ **ਬਲਦ** ਚੜ੍ਹਾਉਣਾ ਜ਼ਰੂਰੀ ਸੀ ਜੋ ਸਭ ਤੋਂ ਵੱਡਾ ਅਤੇ ਸਭ ਤੋਂ ਮਹਿੰਗਾ ਬਲਿਦਾਨ ਸੀ। ਇਸਦਾ **ਬੱਜ ਤੋਂ ਰਹਿਤ** ਹੋਣਾ ਜ਼ਰੂਰੀ ਸੀ।

**ਆਇਤਾਂ 4-10.** ਬਲਦ ਚੜ੍ਹਾਉਣ ਲਈ ਜ਼ਿਆਦਾਤਰ ਕਦਮ ਹੋਮ ਬਲੀ ਦੀ ਕੁਰਬਾਨੀ ਵਾਲੇ ਹੀ ਹੁੰਦੇ ਸਨ।[13] ਸਭ ਤੋਂ ਪਹਿਲਾਂ ਅਪਰਾਧ ਕਰਨ ਵਾਲੇ ਯਾਜਕ ਨੂੰ ਜਾਨਵਰ ਨੂੰ **ਮੰਡਲੀ ਦੇ ਡੇਰੇ** [ਭਾਵ ਤੰਬੂ] **ਦੇ ਬੂਹੇ ਕੋਲ** ਲਿਆਉਣਾ ਹੁੰਦਾ ਸੀ। ਫਿਰ ਉਹਨੇ **ਆਪਣਾ ਹੱਥ ਬਲਦ ਦੇ ਸਿਰ ਉੱਤੇ ਧਰ**ਨਾ ਹੁੰਦਾ ਸੀ। ਤੀਜਾ, ਉਸਨੇ **ਬਲਦ ਨੂੰ ਕੱਟ**ਣਾ ਹੁੰਦਾ ਸੀ (4:4)। ਚੌਥਾ, ਉਸਨੇ ਸਾਰੀਆਂ ਰਸਮਾਂ ਨੂੰ ਪੂਰਿਆਂ ਕਰਦਿਆਂ ਪ੍ਰਾਸਚਿਤ ਕਰਨ ਲਈ ਜਾਨਵਰ ਦੇ ਲਹੂ ਨੂੰ ਵਰਤਣਾ ਹੁੰਦਾ ਸੀ। ਉਹਨੇ **ਪਵਿੱਤਰ ਸਥਾਨ** ਭਾਵ ਤੰਬੂ ਦੇ ਪਵਿੱਤਰ ਸਥਾਨ ਦੇ ਅੰਦਰ **ਦੇ ਪੜਦੇ ਦੇ ਮੋਹਰੇ ਲਹੂ ਯਹੋਵਾਹ ਦੇ ਅੱਗੇ ਸੱਤ ਵਾਰੀ ਛਿਣਕ**ਣਾ ਹੁੰਦਾ ਸੀ (4:5, 6)। ਨਾਲੇ, ਉਹਨੂੰ ਕੁਝ ਲਹੂ **ਧੂਪ ਦੀ ਜਗਵੇਦੀ ਦੇ ਸਿੰਙਾਂ ਉੱਤੇ** ਪਾਉਣ ਲਈ ਕਿਹਾ ਗਿਆ ਸੀ, ਜੋ ਪਵਿੱਤਰ ਅਸਥਾਨ ਵਿਚ ਅੱਤ ਪਵਿੱਤਰ ਅਸਥਾਨ ਦੇ ਸਾਹਮਣੇ ਸੀ (4:7)। ਫਿਰ ਉਹਨੇ ਬਾਕੀ ਦਾ ਲਹੂ ਹੋਮ ਦੀ **ਜਗਵੇਦੀ ਦੇ ਹੇਠ** ਜੋ ਡੇਰੇ ਦੇ ਸਾਹਮਣੇ ਸੀ, **ਡੋਲ੍ਹ** ਦੇਣਾ ਹੁੰਦਾ ਸੀ (4:7)। ਪੰਜਵਾਂ, ਉਹਨੂੰ ''ਸੁਖ ਸਾਂਦ ਦੀਆਂ ਭੇਟਾਂ ਦੀ ਕੁਰਬਾਨੀ'' ਵਾਂਗ (ਵੇਖੋ 3:14−16) ਪਰ ਹੋਮ ਬਲੀ ਦੀ ਕੁਰਬਾਨੀ ਵਾਂਗ ਨਹੀਂ, ਜਾਨਵਰ ਦੇ **ਚਰਬੀ** ਵਾਲੇ ਹਿੱਸੇ **ਹੋਮ ਦੀ ਜਗਵੇਦੀ ਉੱਤੇ** ਸਾੜਨ ਦਾ ਹੁਕਮ ਸੀ (4:8−10)।

**ਆਇਤਾਂ 11, 12.** ਇਸ ਲੜੀ ਵਿਚ ਛੇਵਾਂ ਕਦਮ ਲੇਵੀਆਂ ਦੀ ਪੋਥੀ ਵਿਚ ਦੱਸੇ ਗਏ ਪਹਿਲੇ ਕਿਸੇ ਵੀ ਕਦਮ ਨਾਲੋਂ ਫ਼ਰਕ ਹੈ। ਬਲੀ ਕੀਤੇ ਗਏ ਜਾਨਵਰ ਦੀ ਚਰਬੀ ਭਾਵੇਂ ਜਗਵੇਦੀ ਉੱਤੇ ਸਾੜਨੀ ਹੁੰਦੀ ਸੀ, ਪਰ ਕੱਟੇ ਗਏ ਜਾਨਵਰ ਦੀ **ਖੱਲ, ਮਾਸ, ਸਿਰ, ਲੱਤਾਂ, ਆਂਦ੍ਹਾਂ** ਅਤੇ **ਗੋਹਾ** ਸਣੇ **ਸਾਰਾ ਹਿੱਸਾ ਡੇਰਿਆਂ ਤੋਂ ਬਾਹਰ** ਲਿਜਾ ਕੇ **ਇਕ ਸੁਥਰੀ ਥਾਂ** ਤੇ ਸਾੜਿਆ ਜਾਣਾ ਜ਼ਰੂਰੀ ਸੀ। ਉਸ ਥਾਂ

ਨੂੰ ਜਿੱਥੇ ਜਾਨਵਰ ਦਾ ਬਾਕੀ ਹਿੱਸਾ ਉੱਥੇ ਸਾੜਿਆ ਜਾਣਾ ਹੁੰਦਾ ਸੀ **ਜਿੱਥੇ ਸੁਆਹ ਪੈਂਦੀ ਹੈ**।

ਬਲੀ ਕੀਤੇ ਗਏ ਜਾਨਵਰ ਦੇ ਬਾਕੀ ਹਿੱਸੇ ਦਾ ਸਾੜਿਆ ਜਾਣਾ, ਰਸਮੀ ਮਹੱਤਵ ਤੋਂ ਇਲਾਵਾ ਇਹ ਯਕੀਨੀ ਬਣਾਉਂਦਾ ਸੀ ਕਿ ਆਪਣੇ ਨਾਲ ਦੇ ਕਿਸੇ ਯਾਜਕ ਦੇ ਪਾਪਾਂ ਲਈ ਚੜ੍ਹਾਈਆਂ ਜਾਣ ਵਾਲੀਆਂ ਕੁਰਬਾਨੀਆਂ ਨੂੰ ਖਾਣ ਦੀ ਇਜਾਜ਼ਤ ਦਿੱਤੇ ਜਾਣ ਨਾਲ ਯਾਜਕ ਕੋਈ ਗ਼ਲਤ ਕੰਮ ਕਰਕੇ ਫ਼ਾਇਦਾ ਨਹੀਂ ਚੁੱਕਣਗੇ। ਉਨ੍ਹਾਂ ਨੂੰ ਹੋਰ ਪਾਪ ਬਲੀਆਂ ਵਿੱਚੋਂ ਮਾਸ ਖਾਣ ਦੀ ਇਜਾਜ਼ਤ ਸੀ (6:24–30; 10:17), ਪਰ ਇਸ ਪਾਪ ਬਲੀ ਦੇ ਮਾਸ ਵਿੱਚੋਂ ਕੁਝ ਖਾਣ ਦੀ ਇਜਾਜ਼ਤ ਨਹੀਂ ਸੀ।

ਯਾਜਕ ਦੇ ਪਾਪ ਲਈ ਦਿੱਤੇ ਗਏ ਚੜ੍ਹਾਵੇ ਦੇ ਸਬੰਧ ਵਿਚ ਵਰਤਿਆ ਗਿਆ ਤਰੀਕਾ ਪ੍ਰਤੀਕ ਵਜੋਂ ਇਹ ਸੁਝਾਅ ਦਿੰਦਾ ਸੀ ਕਿ ਯਾਜਕ ਨੇ ਆਪਣਾ ਹੱਥ ਉਸ ਜਾਨਵਰ ਦੇ ਸਿਰ ਉੱਤੇ ਰੱਖ ਕੇ ਆਪਣੇ ਆਪ ਨੂੰ ਉਸ ਜਾਨਵਰ ਨਾਲ ਮਿਲਾ ਲਿਆ ਹੈ, ਅਤੇ ਇਕ ਅਰਥ ਵਿਚ ਆਪਣੇ ਪਾਪ ਨੂੰ ਉਸ ਜਾਨਵਰ ਦੇ ਸਿਰ ਤੇ ਪਾ ਦਿੱਤਾ ਹੈ। ਮਰ ਕੇ ਬਲਦ ਉਸ ਪਾਪੀ ਦੇ ਹਿੱਸੇ ਦੀ ਮੌਤ ਮਰਿਆ ਜਿਹੜਾ ਇਸ ਦਾ ਹੱਕਦਾਰ ਸੀ।[14] ਪਵਿੱਤਰ ਅਸਥਾਨ ਦੇ ਅੰਦਰ ਅਤੇ ਉਹਦੇ ਨੇੜੇ ਲਹੂ ਛਿੜਕਣਾ ਪਰਮੇਸ਼ੁਰ ਵੱਲੋਂ ਯਾਜਕ ਦੇ ਪਾਪ ਲਈ ਪ੍ਰਾਸਚਿਤ ਵਜੋਂ ਜਾਨਵਰ ਦੀ ਕੁਰਬਾਨੀ ਨੂੰ ਕਬੂਲ ਕੀਤੇ ਜਾਣ ਦੀ ਬੇਨਤੀ ਹੁੰਦਾ ਸੀ। ਡੇਰੇ ਤੋਂ ਬਾਹਰ ਜਾਨਵਰ ਦੇ ਬਾਕੀ ਹਿੱਸਿਆਂ ਦਾ ਸਾੜਿਆ ਜਾਣਾ ਇਹ ਦੱਸਣ ਦਾ ਇਕ ਤਰੀਕਾ ਹੁੰਦਾ ਹੋਵੇਗਾ ਹੁਣ ਉਸ ਕਿ ਪਾਪ ਨੂੰ, ਜਿਸ ਦਾ ਜਾਨਵਰ ਦੇ ਲਹੂ (ਜਾਂ ਮੌਤ) ਦੇ ਰਾਹੀਂ ਪ੍ਰਾਸਚਿਤ ਕਰ ਲਿਆ ਗਿਆ ਹੈ, ਡੇਰੇ ਵਿੱਚੋਂ ਕੱਢ ਕੇ ਮਿਟਾ ਦਿੱਤਾ ਗਿਆ ਹੈ, ਇਸ ਕਰਕੇ ਹੁਣ ਮੰਡਲੀ ਨੂੰ ਮਸਹ ਕੀਤੇ ਹੋਏ ਯਾਜਕ ਦੇ ਪਾਪ ਦੇ ਨਤੀਜੇ ਭੁਗਤਣੇ ਨਹੀਂ ਪੈਣਗੇ।[15]

## ਮੰਡਲੀ ਲਈ ਪਾਪ ਦੀ ਭੇਟ: ਬਲਦ (4:13-21)

**13ਜੇ ਕਦੇ ਇਸਰਾਏਲ ਦੀ ਸਾਰੀ ਮੰਡਲੀ ਅਣਜਾਣ ਹੋਕੇ ਪਾਪ ਕਰੇ ਅਤੇ ਇਹ ਗੱਲ ਸਭਾ ਤੋਂ**
**ਗੁੱਝੀ ਹੋਵੇ ਅਤੇ ਉਹ ਨੇ ਯਹੋਵਾਹ ਦੀਆਂ ਆਗਿਆਂ ਵਿੱਚੋਂ ਉਹ ਕੀਤਾ ਜੋ ਕਰਨ ਜੋਗ ਨਹੀਂ ਸੀ ਅਤੇ**
**ਦੋਸ਼ੀ ਹੋਵੇ 14ਜਾਂ ਉਹ ਪਾਪ ਜੋ ਉਹ ਉਸ ਵਿੱਚ ਕੀਤਾ ਹੈ ਪਰਗਟ ਹੋ ਗਿਆ ਤਾਂ ਮੰਡਲੀ ਇੱਕ ਜੁਆਨ**
**ਬਲਦ ਪਾਪ ਦੇ ਲਈ ਚੜ੍ਹਾਵੇ ਅਤੇ ਉਸ ਨੂੰ ਮੰਡਲੀ ਦੇ ਡੇਰੇ ਦੇ ਅੱਗੇ ਲਿਆਵੇ 15ਅਤੇ ਮੰਡਲੀ ਦੇ**
**ਬਜ਼ੁਰਗ ਬਲਦ ਦੇ ਸਿਰ ਉੱਤੇ ਯਹੋਵਾਹ ਦੇ ਅੱਗੇ ਆਪਣੇ ਹੱਥ ਰੱਖਣ ਅਤੇ ਯਹੋਵਾਹ ਦੇ ਅੱਗੇ ਉਹ**
**ਬਲਦ ਕੱਟਿਆ ਜਾਏ 16ਅਤੇ ਉਹ ਮਸਹ ਕੀਤਾ ਹੋਇਆ ਜਾਜਕ ਬਲਦ ਦੇ ਲਹੂ ਵਿੱਚੋਂ ਮੰਡਲੀ ਦੇ**
**ਡੇਰੇ ਕੋਲ ਕੁਝ ਲਿਆਵੇ 17ਅਤੇ ਜਾਜਕ ਉਸ ਲਹੂ ਵਿੱਚ ਆਪਣੀ ਉਂਗਲੀ ਡੋਬ ਕੇ ਪੜਦੇ ਦੇ ਮੁਹਰੇ**
**ਯਹੋਵਾਹ ਦੇ ਅੱਗੇ ਉਸ ਨੂੰ ਸੱਤ ਵਾਰੀ ਛਿਣਕੇ 18ਅਤੇ ਉਹ ਉਸ ਲਹੂ ਵਿੱਚੋਂ ਉਸ ਜਗਵੇਦੀ ਦੇ ਸਿੰਙਾਂ**
**ਦੇ ਉੱਤੇ ਜੋ ਯਹੋਵਾਹ ਦੇ ਅੱਗੇ ਹੈ ਜੋ ਮੰਡਲੀ ਦੇ ਡੇਰੇ ਵਿੱਚ ਹੈ ਕੁਝ ਪਾਵੇ ਅਤੇ ਸਾਰਾ ਲਹੂ ਹੋਮ ਦੀ**
**ਜਗਵੇਦੀ ਦੇ ਹੇਠ ਜੋ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਹੈ ਡੋਲ੍ਹ ਦੇਵੇ 19ਅਤੇ ਉਹ ਉਸ ਦੇ ਉੱਤੇ ਉਸ**
**ਦੀ ਸਾਰੀ ਚਰਬੀ ਲੈ ਕੇ ਜਗਵੇਦੀ ਦੇ ਉੱਤੇ ਸਾੜੇ 20ਅਤੇ ਜਿਸ ਤਰਾਂ ਉਸ ਨੇ ਪਾਪ ਦੀ ਭੇਟ ਦੇ ਬਲਦ**
**ਨਾਲ ਕੀਤਾ ਤੇਹਾ ਹੀ ਉਹ ਇਸ ਬਲਦ ਨਾਲ ਕਰੇ ਅਤੇ ਜਾਜਕ ਉਨ੍ਹਾਂ ਦੇ ਲਈ ਪ੍ਰਾਸਚਿਤ ਕਰੇ ਅਤੇ**
**ਉਸ ਦੀ ਖਿਮਾ ਹੋ ਜਾਵੇਗੀ 21ਅਤੇ ਉਹ ਜਿਸ ਤਰਾਂ ਉਸ ਨੇ ਪਹਿਲੇ ਬਲਦ ਨੂੰ ਸਾੜਿਆ ਓਸੇ ਤਰਾਂ**
**ਇਸ ਬਲਦ ਨੂੰ ਡੇਰਿਓਂ ਬਾਹਰ ਲੈ ਜਾਕੇ ਸਾੜੇ। ਇਹ ਮੰਡਲੀ ਦੇ ਲਈ ਪਾਪ ਦੀ ਭੇਟ ਹੈ।**

ਅਧਿਆਇ ਵਿਚ ਪਾਪੀਆਂ ਦੀ ਇਕ ਹੋਰ ਸ਼੍ਰੇਣੀ ਜਿਸ ਦੀ ਗੱਲ ਹੈ ਉਹ ''ਸਮੁੱਚੀ ਮੰਡਲੀ'' ਹੈ।

**ਆਇਤਾਂ 13-21.** ਜਿਸ ਪਾਪ ਲਈ ਇਹ ਭੇਟ ਚੜ੍ਹਾਈ ਜਾਣੀ ਜ਼ਰੂਰੀ ਸੀ ਉਸ ਵਿਚ (1) **ਇਸਰਾਏਲ ਦੀ ਸਾਰੀ ਮੰਡਲੀ** ਸ਼ਾਮਿਲ ਹੋਣ, (2) ਯਹੋਵਾਹ ਵੱਲੋਂ ਮਨ੍ਹਾਂ ਕੀਤੀ ਗੱਲ ਨੂੰ ਕਰਕੇ

ਪਰਮੇਸ਼ੁਰ ਦੀ ਸ਼ਰ੍ਹਾ ਨੂੰ ਤੋੜ ਕੇ ਮੰਡਲੀ ਦਾ ਸ਼ਾਮਿਲ ਹੋਣ ਅਤੇ (3) ਅਜਿਹਾ ਪਾਪ ਸ਼ਾਮਿਲ ਸੀ ਜਿਸ ਵੱਲ ਮੰਡਲੀ ਦਾ ਧਿਆਨ ਨਾ ਗਿਆ (''ਨਜ਼ਰ ਨਾ ਪਈ'') ਹੋਏ। ਇਹ ਕੁਰਬਾਨੀ ਉਦੋਂ ਜ਼ਰੂਰੀ ਹੋਣੀ ਸੀ ਜਦੋਂ ਮੰਡਲੀ ਦਾ ਪਾਪ ਦਾ **ਪਰਗਟ ਹੋ ਗਿਆ** ਹੋਵੇ। ਇਸ ਬਾਰੇ ਕੁਝ ਵੀ ਨਹੀਂ ਕਿਹਾ ਗਿਆ ਕਿ ਪਾਪ ਕਿਵੇਂ ਪਰਗਟ ਹੋ ਸਕਦਾ ਸੀ, ਸ਼ਾਇਦ ਪਾਠਕ ਆਪ ਅੰਦਾਜ਼ਾ ਲਾ ਸਕਦਾ ਹੈ ਕਿ ਖ਼ੁਦਾ ਆਪਣੇ ਲੋਕਾਂ ਨੂੰ ਦੱਸਣ ਲਈ ਕਿ ਉਨ੍ਹਾਂ ਨੇ ਪਾਪ ਕੀਤਾ ਹੈ ਕਿਸੇ ਨਬੀ ਨੂੰ ਘੱਲ ਦਿੰਦਾ ਹੋਵੇਗਾ।

ਪਾਪ ਪਰਗਟ ਹੋ ਜਾਣ ਤੇ, ਮੰਡਲੀ ਲਈ ਉਹੀ ਨਿਯਮ ਮੰਨਣਾ ਜ਼ਰੂਰੀ ਸੀ ਜਿਹੜਾ ਮਸਹ ਕੀਤੇ ਹੋਏ ਯਾਜਕ ਦੇ ਪਾਪ ਨੂੰ ਦੂਰ ਕਰਨ ਲਈ ਸੀ। **ਬਲਦ** ਨੂੰ ਮੰਡਲੀ ਦੇ ਡੇਰੇ ਅੱਗੇ ਲਿਆਂਦਾ ਜਾਵੇ (4:14)। ਲੋਕਾਂ ਦੇ ਆਗੂਆਂ ਵੱਲੋਂ **ਬਲਦ ਦੇ ਸਿਰ ਉੱਤੇ ਆਪਣੇ ਹੱਥ ਰੱਖਣ** ਤੋਂ ਬਾਅਦ ਇਸ ਨੂੰ ਮਾਰ ਦਿੱਤਾ ਜਾਣਾ ਹੁੰਦਾ ਸੀ (4:15)। ਉਸ ਦਾ **ਲਹੂ ਪੜਦੇ ਦੇ ਮੋਹਰੇ** (4:16, 17), ਧੂਪ ਦੀ **ਜਗਵੇਦੀ ਦੇ ਸਿੰਙਾਂ ਉੱਤੇ** ਪਵਿੱਤਰ ਅਸਥਾਨ ਵਿਚ ਛਿੜਕ ਕੇ, **ਹੋਮ ਦੀ ਜਗਵੇਦੀ ਦੇ ਹੇਠ** ਡੋਲ੍ਹ ਦੇਣਾ ਹੁੰਦਾ ਸੀ (4:18)। ਇਸ ਦੇ **ਚਰਬੀ** ਵਾਲੇ ਹਿੱਸੇ ਜਗਵੇਦੀ ਉੱਤੇ ਸਾੜੇ ਜਾਣੇ ਜ਼ਰੂਰੀ ਸਨ (4:19); ਅਤੇ ਬਾਕੀ ਦਾ ਹਿੱਸਾ **ਡੇਰਿਓਂ ਬਾਹਰ ਲੈ ਜਾ ਕੇ** ਸਾੜਨਾ ਹੁੰਦਾ ਸੀ (4:20, 21)।[16]

ਪਾਪ ਬਲੀ ਇਹ ਦਰਸਾਉਂਦੀ ਹੈ ਕਿ ਪਰਮੇਸ਼ੁਰ ਇਸਰਾਏਲ ਨੂੰ ਸਮੁੱਚੀ ਕੌਮ ਦੇ ਰੂਪ ਵਿਚ ਲੈਂਦਾ ਸੀ। ਪੁਰਾਣੇ ਨੇਮ ਵਿਚ ਬੇਸ਼ੱਕ ਨਿੱਜੀ ਲੋਕ ਅਹਿਮ ਸਨ; ਪਰ ਇਸਰਾਏਲ ਨਾਲ ਪਰਮੇਸ਼ੁਰ ਦਾ ਨੇਮ ਬੁਨਿਆਦੀ ਤੌਰ ਤੇ ਕੌਮ ਨਾਲ ਬੰਨ੍ਹਿਆ ਗਿਆ ਨੇਮ ਸੀ। ਜੇ ਸਮੁੱਚੀ ਕੌਮ ਹੁਕਮ ਮੰਨਦੀ ਤਾਂ ਖ਼ੁਦਾ ਲੋਕਾਂ ਨੂੰ ਬਰਕਤ ਦਿੰਦਾ; ਜੇ ਸਮੁੱਚੀ ਕੌਮ ਹੁਕਮ ਤੋੜਦੀ ਤਾਂ ਖ਼ੁਦਾ ਉਨ੍ਹਾਂ ਨੂੰ ਸਰਾਪ ਦਿੰਦਾ। ਕਈ ਵਾਰ ਸਮੁੱਚੀ ਕੌਮ ਨੂੰ ਅਣਆਗਿਆਕਾਰ ਜਾਂ ਦੁਸ਼ਟ ਕਿਹਾ ਜਾ ਸਕਦਾ ਸੀ ਜਦ ਕਿ ਕੌਮ ਦੇ ਅੰਦਰ ਭਾਵੇਂ ਕੁਝ ਲੋਕ ਧਰਮੀ ਹੋ ਸਕਦੇ ਸਨ। ਸਮੁੱਚੀ ਮੰਡਲੀ ਦੇ ਲਈ ਪਾਪ ਦੀ ਬਲੀ ਦੀ ਜ਼ਰੂਰਤ ਇਹ ਦੱਸਦੀ ਹੈ ਕਿ ਜਮਾਤ ਦੇ ਹਰ ਵਿਅਕਤੀ ਨੂੰ, ਭਾਵੇਂ ਧਰਮੀ ਹੀ ਕਿਉਂ ਨਾ ਹੋਵੇ, ਪਾਪੀ ਜਮਾਤ ਲਈ ਕੀਤੀ ਗਈ ਕੁਰਬਾਨੀ ਵਿਚ ਰਲਣਾ ਜ਼ਰੂਰੀ ਸੀ।

## ਪ੍ਰਧਾਨ ਲਈ ਪਾਪ ਦੀ ਭੇਟ: ਪਠੋਰਾ ਨਰ (4:22-26)

**22ਜਾਂ ਕੋਈ ਪ੍ਰਧਾਨ ਪਾਪ ਕਰੇ ਅਤੇ ਯਹੋਵਾਹ ਆਪਣੇ ਪਰਮੇਸ਼ੁਰ ਦੀਆਂ ਆਗਿਆਂ ਵਿੱਚੋਂ ਅਣਜਾਣ ਹੋਕੇ ਕੁਝ ਕੀਤਾ ਜੋ ਕਰਨ ਜੋਗ ਨਹੀਂ ਸੀ ਸੋ ਦੋਸ਼ੀ ਠਹਿਰਿਆ 23ਜੇ ਉਸ ਦਾ ਪਾਪ ਜੋ ਉਸ ਨੇ ਕੀਤਾ ਉਸ ਉੱਤੇ ਪਰਗਟ ਹੋ ਜਾਏ ਤਾਂ ਉਹ ਆਪਣੀ ਭੇਟ ਲਿਆਵੇ ਬੱਕਰੀਆਂ ਵਿੱਚੋਂ ਇੱਕ ਪਠੋਰਾ ਨਰ ਬੱਜ ਤੋਂ ਰਹਿਤ 24ਅਤੇ ਉਹ ਆਪਣਾ ਹੱਥ ਬੱਕਰੇ ਦੇ ਸਿਰ ਉੱਤੇ ਧਰਕੇ ਉਸ ਥਾਂ ਵਿੱਚ ਜਿੱਥੇ ਉਹ ਯਹੋਵਾਹ ਦੇ ਅੱਗੇ ਹੋਮ ਬਲੀ ਨੂੰ ਕੱਟਦੇ ਹਨ ਕੱਟ ਸੁੱਟੇ, ਇਹ ਇੱਕ ਪਾਪ ਦੀ ਭੇਟ ਹੈ 25ਅਤੇ ਜਾਜਕ ਉਸ ਪਾਪ ਦੀ ਭੇਟ ਤੋਂ ਆਪਣੀ ਉਂਗਲ ਨਾਲ ਕੁਝ ਲੈ ਕੇ ਹੋਮ ਦੀ ਜਗਵੇਦੀ ਦੇ ਸਿੰਙਾਂ ਉੱਤੇ ਪਾਵੇ ਅਤੇ ਉਸ ਦਾ ਲਹੂ ਹੋਮ ਦੀ ਜਗਵੇਦੀ ਦੇ ਹੇਠ ਡੋਲ੍ਹ ਦੇਵੇ 26ਅਤੇ ਉਹ ਉਸ ਦੀ ਸਾਰੀ ਚਰਬੀ ਸੁਖ ਸਾਂਦ ਦੀ ਬਲੀ ਦੀ ਚਰਬੀ ਵਰਗੀ ਜਗਵੇਦੀ ਉੱਤੇ ਸਾੜੇ ਅਤੇ ਜਾਜਕ ਉਸ ਦੇ ਪਾਪ ਦੇ ਲਈ ਪ੍ਰਾਸਚਿਤ ਕਰੇ ਅਤੇ ਉਹ ਦੀ ਖਿਮਾ ਹੋ ਜਾਵੇਗੀ।**

ਪਾਪੀਆਂ ਦੀ ਅਗਲੀ ਸ਼੍ਰੇਣੀ ਜਿਨ੍ਹਾਂ ਨੂੰ ਪਾਪ ਦੀਆਂ ਭੇਟਾਂ ਜਾਂ ਪਾਪ ਬਲੀਆਂ ਕਰਨ ਦੀ ਲੋੜ ਸੀ ਉਨ੍ਹਾਂ ਵਿਚ ਲੋਕਾਂ ਦੇ ਆਗੂ ਸਨ।

**ਆਇਤਾਂ 22, 23.** ਜਿਸ ਪਾਪ ਲਈ ਲੋਕਾਂ ਦੇ **ਪ੍ਰਧਾਨ** ਨੂੰ ਮਾਫ਼ੀ ਮੰਗਣ ਦੀ ਲੋੜ ਸੀ ਉਹ ਵੀ ਪਰਮੇਸ਼ੁਰ ਦੀ ਸ਼ਰ੍ਹਾ ਨੂੰ ਤੋੜਨ ਦਾ ਸੀ ਪਰ ਪ੍ਰਧਾਨ ਨੂੰ ਪਹਿਲਾਂ ਪਤਾ ਉਸ ਦਾ ਨਹੀਂ ਸੀ। ਇਹ ਪਤਾ

ਲੱਗ ਜਾਣ ਤੇ ਕਿ ਉਹਨੇ ਪਾਪ ਕੀਤਾ, ਭਾਵ ਜਦ ਉਸ ਦਾ ਪਾਪ **ਉਸ ਉੱਤੇ ਪਰਗਟ ਹੋ ਜਾਏ** ਤਾਂ ਉਹ ਪਾਪ ਬਲੀ ਲਈ **ਇਕ ਪਠੋਰਾ ਨਰ** ਲਿਆ ਸਕਦਾ ਸੀ। ਬੱਕਰਾ ਬਲਦ ਨਾਲੋਂ ਸਸਤਾ ਜਾਨਵਰ ਸੀ, ਜੋ ਇਹ ਸੁਝਾਅ ਦਿੰਦਾ ਹੈ ਕਿ ਜਿਨ੍ਹਾਂ ਕੁਰਬਾਨੀਆਂ ਦਾ ਹੁਕਮ ਦਿੱਤਾ ਗਿਆ ਸੀ ਉਨ੍ਹਾਂ ਦਾ ਸਬੰਧ ਪਾਪ ਦੇ ਅਸਰ ਨਾਲ ਸੀ। ਜਿੰਨਾਂ ਕੋਈ ਵਿਅਕਤੀ ਜਾਂ ਸਮੂਹ ਅਹਿਮ ਹੋਵੇ, ਓਨਾ ਹੀ ਅਹਿਮ ਉਸ ਦਾ (ਜਾਂ ਉਨ੍ਹਾਂ ਦਾ) ਪਾਪ ਸੀ, ਅਤੇ ਇਸ ਕਰਕੇ ਪਾਪ ਦੀ ਮਾਫ਼ੀ ਲਈ ਓਨੀ ਹੀ ਵੱਡੀ ਕੁਰਬਾਨੀ ਦਿੱਤੀ ਜਾਣੀ ਜ਼ਰੂਰੀ ਸੀ।[17]

**ਆਇਤਾਂ 24-26.** ਕਿਸੇ ਪ੍ਰਧਾਨ ਵੱਲੋਂ ਜਿਸ ਨੂੰ ਮਾਫ਼ੀ ਦੀ ਲੋੜ ਹੁੰਦੀ ਸੀ, ਅਪਣਾਈ ਜਾਣ ਵਾਲੀ ਰਸਮ ਭਾਵੇਂ ਪਹਿਲਾਂ ਵਰਣਨ ਕੀਤੀਆਂ ਰਸਮਾਂ ਵਾਂਗ ਹੂ–ਬ–ਹੂ ਉਵੇਂ ਤਾਂ ਨਹੀਂ ਹੁੰਦੀ ਸੀ ਪਰ ਉਨ੍ਹਾਂ ਵਰਗੀ ਹੀ ਹੁੰਦੀ ਸੀ। ਪਿਛਲੇ ਮਾਮਲਿਆਂ ਵਾਂਗ ਪਾਪ ਬਲੀ (ਬਲਦ ਦੀ ਬਜਾਇ, ਪਠੋਰਾ) ਡੇਰੇ ਦੇ ਅਹਾਤੇ ਦੇ ਅੰਦਰ ਲਿਆਂਦਾ ਜਾਣਾ ਜ਼ਰੂਰੀ ਸੀ ਜਿੱਥੇ ਪਾਪੀ ਜਾਨਵਰ ਦੇ **ਸਿਰ ਉੱਤੇ ਆਪਣਾ ਹੱਥ** ਰੱਖਦਾ ਅਤੇ ਫਿਰ ਉਸ ਨੂੰ ਕੱਟਦਾ (4:24)। **ਯਾਜਕ** ਨੇ **ਆਪਣੀ ਉਂਗਲ ਨਾਲ** ਕੁਝ ਲਹੂ ਲੈ ਕੇ **ਹੋਮ ਦੀ ਜਗਵੇਦੀ ਦੇ ਸਿੰਙਾਂ ਉੱਤੇ** ਪਾਉਣਾ ਹੁੰਦਾ ਸੀ; ਬਾਕੀ ਦਾ **ਲਹੂ** ਉਹਨੇ **ਹੋਮ ਦੀ ਜਗਵੇਦੀ ਹੇਠ ਡੋਲ੍ਹ** ਦੇਣਾ ਹੁੰਦਾ ਸੀ (4:25)। (ਪਿਛਲੇ ਦੋ ਮਾਮਲਿਆਂ ਦੇ ਉਲਟ, ਪਵਿੱਤਰ ਅਸਥਾਨ ਦੇ ਅੰਦਰ ਕੋਈ ਖੂਨ ਨਹੀਂ ਲਿਆਇਆ ਜਾਂਦਾ ਸੀ।) ਇਸ ਤੋਂ ਬਾਅਦ ਜਾਨਵਰ ਦੇ **ਚਰਬੀ** ਵਾਲੇ ਹਿੱਸੇ ਹੋਮ ਬਲੀ ਦੀ **ਜਗਵੇਦੀ ਉੱਤੇ** ਸਾੜੇ ਜਾਂਦੇ ਸਨ (4:26)।

ਬਲੀ ਕੀਤੇ ਜਾਣ ਵਾਲੇ ਜਾਨਵਰ ਦੇ ਬਾਕੀ ਹਿੱਸਿਆਂ ਦਾ ਕੀ ਕੀਤਾ ਜਾਵੇ ਇਸ ਬਾਰੇ ਕੋਈ ਨਿਰਦੇਸ਼ ਨਹੀਂ ਸਨ। ਸਾਫ਼ ਹੈ ਕਿ ਮਸਹ ਕੀਤੇ ਹੋਏ ਯਾਜਕ ਅਤੇ ਮੰਡਲੀ ਲਈ ਪਾਪ ਬਲੀਆਂ ਦੇ ਤਰੀਕੇ ਵਾਂਗ ਡੇਰੇ ਦੇ ਬਾਹਰ ਸਾੜੇ ਜਾਣ ਦੀ ਬਜਾਇ ਇਹ ਯਾਜਕਾਂ ਨੂੰ ਖਾਣ ਲਈ ਦੇ ਦਿੱਤਾ ਜਾਂਦਾ ਸੀ (6:24–30)।

## ਆਮ ਲੋਕਾਂ ਲਈ ਪਾਪ ਦੀ ਭੇਟ: ਪੱਠ ਨਾਰੀ (4:27-31)

**27ਜੇ ਕੋਈ ਆਮ ਲੋਕਾਂ ਵਿੱਚੋਂ ਯਹੋਵਾਹ ਦੀਆਂ ਆਗਿਆਂ ਵਿੱਚੋਂ ਅਣਜਾਣ ਹੋਕੇ ਕਿਸੇ ਵਿੱਚ ਪਾਪ**
**ਕਰੇ ਜੋ ਕਰਨ ਜੋਗ ਨਹੀਂ ਸੀ ਅਤੇ ਦੋਸ਼ੀ ਠਹਿਰੇ 28ਯਾ ਜੇ ਉਸ ਦਾ ਪਾਪ ਜੋ ਉਸ ਨੇ ਕੀਤਾ ਉਸ ਨੂੰ**
**ਮਲੂਮ ਹੋ ਜਾਏ ਤਾਂ ਉਹ ਆਪਣੀ ਭੇਟ ਲਿਆਵੇ, ਬੱਕਰੀਆਂ ਵਿੱਚੋਂ ਪੱਠ ਨਾਰੀ ਬੱਜ ਤੋਂ ਰਹਿਤ ਉਸ**
**ਪਾਪ ਦੇ ਲਈ ਜੋ ਉਸ ਨੇ ਕੀਤਾ 29ਅਤੇ ਉਹ ਆਪਣਾ ਹੱਥ ਉਸ ਪਾਪ ਦੀ ਭੇਟ ਦੇ ਸਿਰ ਉੱਤੇ ਧਰ**
**ਕੇ ਹੋਮ ਦੀ ਥਾਂ ਵਿੱਚ ਉਸ ਪਾਪ ਦੀ ਭੇਟ ਨੂੰ ਕੱਟ ਸੁੱਟੇ 30ਅਤੇ ਜਾਜਕ ਆਪਣੀ ਉਂਗਲ ਨਾਲ ਉਸ**
**ਦੇ ਲਹੂ ਤੋਂ ਕੁਝ ਲੈ ਕੇ ਉਸ ਨੂੰ ਹੋਮ ਦੀ ਜਗਵੇਦੀ ਦੇ ਸਿੰਙਾਂ ਉੱਤੇ ਪਾਵੇ ਅਤੇ ਉਸ ਦਾ ਸਾਰਾ ਲਹੂ**
**ਜਗਵੇਦੀ ਦੇ ਹੇਠ ਡੋਲ੍ਹ ਦੇਵੇ 31ਅਤੇ ਉਹ ਜਿਸ ਤਰਾਂ ਸੁਖ ਸਾਂਦ ਦੀਆਂ ਬਲੀਆਂ ਵਿੱਚੋਂ ਚਰਬੀ ਵੱਖਰੀ**
**ਹੋਈ ਸੀ, ਓਸੇ ਤਰਾਂ ਉਸ ਦੀ ਸਾਰੀ ਚਰਬੀ ਵੱਖਰੀ ਕਰੇ ਅਤੇ ਜਾਜਕ ਯਹੋਵਾਹ ਦੇ ਅੱਗੇ ਉਸ ਨੂੰ ਸੁਗੰਧਤਾ ਕਰਕੇ ਜਗਵੇਦੀ ਦੇ ਉੱਤੇ ਸਾੜੇ ਅਤੇ ਜਾਜਕ ਉਸ ਦੇ ਲਈ ਪ੍ਰਾਸਚਿਤ ਕਰੇ ਅਤੇ ਉਹ ਉਸ ਨੂੰ ਖਿਮਾਂ ਹੋ ਜਾਵੇਗੀ।**

ਆਖਰੀ ਸਮੂਹ ਜਿਨ੍ਹਾਂ ਨੂੰ ਪਾਪ ਬਲੀਆਂ ਚੜ੍ਹਾਏ ਜਾਣ ਦੀ ਲੋੜ ਸੀ ਉਹ ''ਆਮ ਲੋਕ'' ਸਨ।

**ਆਇਤਾਂ 27, 28.** ਇਹ ਨਿਯਮ **ਆਮ ਲੋਕਾਂ ਵਿੱਚੋਂ** ਕਿਸੇ ਦੇ ਸਬੰਧ ਵਿਚ ਸੀ ਜਿਸ ਨੇ ਵੀ ਪਰਮੇਸ਼ੁਰ ਦਾ ਹੁਕਮ ਤੋੜ ਕੇ ਪਾਪ ਕੀਤਾ ਹੋਵੇ ਅਤੇ **ਦੋਸ਼ੀ** ਬਣ ਗਿਆ ਹੋਵੇ। ''ਆਮ ਲੋਕਾਂ'' ਤੋਂ ਭਾਵ ''ਦੇਸ਼ ਦੇ ਲੋਕ'' ਹੈ। ਇਹ ਅਭਿਵਿਅਕਤੀ ਪਿਛਲੀਆਂ ਸ਼੍ਰੇਣੀਆਂ ਵਿਚ ਕਿਸੇ ਲਈ ਵੀ ਜੋ

''ਮਸਹ ਕੀਤਾ ਹੋਇਆ ਯਾਜਕ'' ਜਾਂ ਲੋਕਾਂ ਦਾ ''ਪ੍ਰਧਾਨ'' ਹੋਵੇ, ਨਹੀਂ ਸੀ। **ਉਸ ਨੂੰ ਮਲੂਮ ਹੋ** ਜਾਣ ਤੇ ਕਿ ਉਹ ਦੋਸ਼ੀ ਹੈ, ਉਹਦੇ ਲਈ ਬਲੀ ਕੀਤੇ ਜਾਣ ਵਾਸਤੇ **ਬੱਕਰੀਆਂ ਵਿੱਚੋਂ ਨਾਰੀ ਬੱਜ ਤੋਂ ਰਹਿਤ** ਲਿਆਉਣੀ ਜ਼ਰੂਰੀ ਸੀ।

**ਆਇਤਾਂ 29-31**. ਉਸ ਵੱਲੋਂ ਅਪਣਾਇਆ ਜਾਣ ਵਾਲਾ ਤਰੀਕਾ ਉਹੀ ਸੀ ਜਿਹੜਾ 4:22 ਵਿਚ ''ਪ੍ਰਧਾਨ'' ਲਈ ਦੱਸਿਆ ਗਿਆ ਸੀ। ਪਾਪੀ ਲਈ **ਆਪਣਾ ਹੱਥ** ਬੱਕਰੀ ਦੇ **ਸਿਰ ਉੱਤੇ** ਰੱਖਣ ਤੋਂ ਬਾਅਦ ਉਹਨੂੰ **ਕੱਟਣਾ** ਜ਼ਰੂਰੀ ਸੀ (4:29)। **ਜਾਜਕ** ਨੇ **ਉਸ ਦੇ ਲਹੂ ਤੋਂ ਕੁਝ ਲੈ ਕੇ ਉਸ ਨੂੰ ਜਗਵੇਦੀ ਦੇ ਸਿੰਙਾਂ ਉੱਤੇ** ਪਾਉਣਾ ਹੁੰਦਾ ਸੀ। ਬਾਕੀ ਦਾ ਉਸ ਨੇ **ਜਗਵੇਦੀ ਦੇ ਹੇਠ ਡੋਲ੍ਹ** ਦੇਣਾ ਹੁੰਦਾ ਸੀ (4:30)। ਫਿਰ ਉਹਨੇ **ਉਸ ਦੀ ਸਾਰੀ ਚਰਬੀ** ਵੇਦੀ ਉੱਤੇ ਸਾੜ ਦੇਣੀ ਹੁੰਦੀ ਸੀ (4:31)। ਇਸ ਬਾਰੇ ਕੁਝ ਨਹੀਂ ਕਿਹਾ ਗਿਆ ਕਿ ਜਾਨਵਰ ਦੇ ਬਾਕੀ ਹਿੱਸਾ ਦਾ ਕੀਤਾ ਕੀਤਾ ਜਾਵੇ। ਮੰਨ ਲਿਆ ਜਾਂਦਾ ਹੈ ਕਿ ਇਹ ਪਾਪ ਬਲੀ ਦਾ ਉਹ ਹਿੱਸਾ ਸੀ ਜਿਸ ਨੂੰ ਯਾਜਕਾਂ ਵੱਲੋਂ ''ਪਵਿੱਤਰ ਅਸਥਾਨ ਉੱਤੇ'' ਖਾਧਾ ਜਾ ਸਕਦਾ ਸੀ (6:24–30; 10:17)।

ਇਸ ਕੁਰਬਾਨੀ ਦੇ ਨਤੀਜੇ ਸਾਫ਼ ਹਨ। ਕੁਰਬਾਨੀ ਦੇ **ਜਗਵੇਦੀ ਦੇ ਉੱਤੇ ਸਾੜੇ** ਜਾਣ ਨਾਲ ਇਹ **ਯਹੋਵਾਹ ਦੇ ਅੱਗੇ ਸੁਗੰਧਤਾ** ਬਣਦੀ ਸੀ। ਦੂਜੇ ਸ਼ਬਦਾਂ ਵਿਚ ਇਹ ਪਰਮੇਸ਼ੁਰ ਨੂੰ ਭਾਉਂਦੀ ਸੀ! ਇਸ ਕਰਕੇ ਇਹ ਕੁਰਬਾਨੀ ਬੱਕਰੀ ਦੇ ਲਿਆਉਣ ਵਾਲੇ ਲਈ **ਪ੍ਰਾਸਚਿਤ** ਦਾ ਕਾਰਣ ਬਣਦੀ ਸੀ ਅਤੇ ਉਹਨੂੰ **ਖਿਮਾ ਹੋ** ਜਾਂਦੀ ਸੀ (4:31)।[18]

## ਆਮ ਲੋਕਾਂ ਲਈ ਪਾਪ ਦੀ ਭੇਟ: ਲੇਲੀ (4:32-35)

**32ਅਤੇ ਜੇ ਉਹ ਪਾਪ ਦੀ ਭੇਟ ਵਿੱਚ ਇੱਕ ਭੇਡ ਲਿਆਵੇ ਤਾਂ ਉਹ ਬੱਜ ਤੋਂ ਰਹਿਤ ਲੇਲੀ ਲਿਆਵੇ 33ਅਤੇ ਉਹ ਆਪਣਾ ਹੱਥ ਪਾਪ ਦੀ ਭੇਟ ਦੇ ਸਿਰ ਉੱਤੇ ਧਰਕੇ ਉਸ ਥਾਂ ਵਿੱਚ ਜਿੱਥੇ ਹੋਮ ਨੂੰ ਕੱਟਦੇ ਹਨ ਉਸ ਨੂੰ ਇੱਕ ਪਾਪ ਦੀ ਭੇਟ ਕਰਕੇ ਕੱਟ ਸੁੱਟੇ 34ਅਤੇ ਜਾਜਕ ਆਪਣੀ ਉਂਗਲ ਨਾਲ ਪਾਪ ਦੀ ਭੇਟ ਤੋਂ ਕੁਝ ਲਹੂ ਲੈ ਕੇ ਹੋਮ ਦੀ ਜਗਵੇਦੀ ਸਿੰਙਾਂ ਉੱਤੇ ਪਾਵੇ ਅਤੇ ਉਸ ਦਾ ਸਾਰਾ ਲਹੂ ਜਗਵੇਦੀ ਦੇ ਹੇਠ ਡੋਲ੍ਹ ਦੇਵੇ 35ਅਤੇ ਉਹ ਉਸ ਦੀ ਸਾਰੀ ਚਰਬੀ ਜਿਸ ਤਰਾਂ ਸੁਖ ਸਾਂਦ ਦੀਆਂ ਬਲੀਆਂ ਤੋਂ ਲੇਲੇ ਦੀ ਚਰਬੀ ਵੱਖਰੀ ਹੋਈ ਸੀ ਵੱਖਰੀ ਕਰੇ ਅਤੇ ਜਾਜਕ ਯਹੋਵਾਹ ਦੀਆਂ ਅੱਗ ਦੀਆਂ ਭੇਟਾਂ ਦੇ ਅਨੁਸਾਰ ਉਨ੍ਹਾਂ ਨੂੰ ਸਾੜੇ, ਅਤੇ ਜਾਜਕ ਉਸ ਦੇ ਪਾਪ ਦੇ ਲਈ ਜੋ ਉਸ ਨੇ ਕੀਤਾ ਪ੍ਰਾਸਚਿਤ ਕਰੇ ਅਤੇ ਉਹ ਦੀ ਖਿਮਾ ਹੋ ਜਾਵੇਗੀ।**

''ਆਮ ਲੋਕਾਂ'' ਦੀ ਸ਼੍ਰੇਣੀ ਦੇ ਲੋਕ ਪਾਪ ਬਲੀ ਲਈ ਬੱਕਰੀ ਦੀ ਥਾਂ ਲੇਲੀ ਲਿਆਉਣਾ ਚੁਣ ਸਕਦੇ ਸਨ।

**ਆਇਤਾਂ 32-35. ਪਾਪ ਦੀ ਭੇਟ** ਲਈ **ਲੇਲੀ** ਚੜ੍ਹਾਉਣ ਲਈ ਰਸਮ ਉਹੀ ਸੀ ਜਿਹੜੀ ਪਠੋਰੀ ਚੜ੍ਹਾਉਣ ਲਈ ਦੱਸੀ ਗਈ ਸੀ। ਜਾਨਵਰ ਦਾ **ਬੱਜ ਤੋਂ ਰਹਿਤ ਲੇਲੀ** ਹੋਣਾ ਜ਼ਰੂਰੀ ਸੀ (4:32)। ਕੁਰਬਾਨੀ ਲਿਆਉਣ ਵਾਲੇ ਲਈ **ਆਪਣਾ ਹੱਥ** ਉਸ ਦੇ **ਸਿਰ ਉੱਤੇ ਧਰ ਕੇ** ਉਹਨੂੰ ਕੱਟਣਾ ਹੁੰਦਾ ਸੀ (4:33)। **ਜਾਜਕ** ਨੇ **ਕੁਝ ਲਹੂ ਲੈ ਕੇ ਹੋਮ ਦੀ ਜਗਵੇਦੀ ਦੇ ਸਿੰਗਾਂ ਉੱਤੇ** ਪਾਉਣਾ ਹੁੰਦਾ ਸੀ। ਬਾਕੀ **ਦਾ ਸਾਰਾ ਲਹੂ ਜਗਵੇਦੀ** ਉੱਤੇ ਡੋਲ੍ਹ ਦੇਣਾ ਹੁੰਦਾ ਸੀ (4:34)। ਫਿਰ ਉਹਨੇ **ਉਸ ਦੀ ਸਾਰੀ ਚਰਬੀ** ਸਾੜ ਦੇਣੀ ਹੁੰਦੀ ਸੀ ਅਤੇ ਬਾਕੀ ਦੇ ਹਿੱਸੇ ਨੂੰ ਯਾਜਕ ਖਾ ਸਕਦਾ ਸੀ। ਲੇਲੀ ਦੀ ਪਾਪ ਦੀ ਇਹ ਭੇਟ ਕੁਰਬਾਨੀ ਲਿਆਉਣ ਵਾਲੇ ਵਿਅਕਤੀ ਲਈ **ਪ੍ਰਾਸਚਿਤ** ਹੁੰਦੀ ਸੀ ਜਿਸ ਨਾਲ ਉਸ ਦਾ ਪਾਪ **ਖਿਮਾ ਹੋ** ਜਾਂਦਾ ਸੀ (4:35)।

# ਪ੍ਰਸੰਗਿਕਤਾ

**ਦੋ ਬਹਾਨੇ ਜਿਨ੍ਹਾਂ ਨਾਲ ਪਾਪ ਮਾਫ਼ ਨਹੀਂ ਹੁੰਦਾ (ਅਧਿਆਇ 4)**

ਜਦੋਂ ਅਸੀਂ ਕੁਝ ਅਜਿਹਾ ਕਰਦੇ ਹਾਂ ਜੋ ਸਾਨੂੰ ਕਰਨਾ ਨਹੀਂ ਚਾਹੀਦਾ, ਉਦਾਹਰਣ ਲਈ ਜਦੋਂ ਅਸੀਂ ਟ੍ਰੈਫ਼ਿਕ ਦਾ ਨਿਯਮ ਤੋੜਦੇ ਹਾਂ ਤਾਂ ਅਸੀਂ ਆਮ ਤੌਰ ਤੇ ਦੋ ਬਹਾਨੇ ਬਣਾਉਂਦੇ ਹਾਂ: ''ਮੇਰਾ ਇਹ ਇਰਾਦਾ ਨਹੀਂ ਸੀ'' ਜਾਂ ''ਮੈਨੂੰ ਪਤਾ ਨਹੀਂ ਸੀ ਕਿ ਮੈਂ ਗ਼ਲਤ ਰਾਹ ਪੈ ਗਿਆ ਹਾਂ।'' ਨੈਤਿਕ ਅਤੇ ਧਾਰਮਿਕ ਮਾਮਲਿਆਂ ਵਿਚ ਲੋਕ ਇਹ ਪਤਾ ਲੱਗਣ ਤੇ ਕਿ ਉਨ੍ਹਾਂ ਨੇ ਕੋਈ ਗ਼ਲਤੀ ਕੀਤੀ ਹੈ ਆਮ ਤੌਰ ਤੇ ਇਹੀ ਬਹਾਨੇ ਬਣਾਉਂਦੇ ਹਨ: ''ਮੇਰਾ ਇਹ ਮਤਲਬ ਨਹੀਂ ਸੀ,'' ਜਾਂ ''ਮੈਨੂੰ ਪਤਾ ਨਹੀਂ ਸੀ ਕਿ ਮੈਂ ਗ਼ਲਤ ਕਰ ਰਿਹਾ ਹਾਂ।'' ਭਲਾ ਖ਼ੁਦਾ ਅਜਿਹੇ ਬਹਾਨੇ ਮੰਨ ਲੈਂਦਾ ਹੈ?

ਲੇਵੀਆਂ 4:1—5:13 ਸਾਨੂੰ ਇਸ ਸਵਾਲ ਦਾ ਜਵਾਬ ਦੇਣ ਵਿਚ ਮਦਦ ਕਰ ਸਕਦਾ ਹੈ। ''ਬਿਨਾ ਇਰਾਦੇ ਦੇ ਪਾਪ'' ਅਗਿਆਨਤਾ ਵਿਚ ਕੀਤੇ ਗਏ ਪਾਪ (''ਮੈਨੂੰ ਨਹੀਂ ਪਤਾ ਸੀ ਕਿ ਮੈਂ ਗ਼ਲਤ ਕਰ ਰਿਹਾ ਹਾਂ'') ਜਾਂ (''ਮੇਰਾ ਕੁਝ ਗ਼ਲਤ ਕਰਨ ਦਾ ਇਰਾਦਾ ਨਹੀਂ ਸੀ'') ਅਣਜਾਣੇ ਵਿਚ ਕੀਤੇ ਗਏ ਪਾਪ ਸਨ। (ਵੇਖੋ 4:13, 23, 28.) ਸ਼ਰ੍ਹਾ ਦੇ ਤਹਿਤ ਰਹਿਣ ਵਾਲੇ ਵਿਅਕਤੀ ਲਈ ਅਜਿਹਾ ਪਾਪ ''ਪਤਾ ਲੱਗਣ'' ਤੇ ਯਹੋਵਾਹ ਦਾ ਕਹਿਣਾ ਸੀ ਕਿ ਉਹ ਪਾਪ ਦੀ ਬਲੀ ਦਏ।

ਅਣਜਾਣੇ ਵਿਚ ਕੀਤੇ ਜਾਣ ਵਾਲੇ ਪਾਪਾਂ ਲਈ ਚੰਗੀ ਖ਼ਬਰ ਇਹ ਸੀ ਕਿ ਆਕੀ ਹੋ ਕੇ ਕੀਤੇ ਜਾਣ ਵਾਲੇ ਪਾਪਾਂ ਦੇ ਉਲਟ, ਇਨ੍ਹਾਂ ਲਈ ਪਾਪ ਦੀਆਂ ਬਲੀਆਂ ਦਿੱਤੀਆਂ ਜਾ ਸਕਦੀਆਂ ਸਨ। ਜੇ ਦੱਸੀਆਂ ਗਈਆਂ ਭੇਟਾਂ ਲੈ ਆਂਦੀਆਂ ਜਾਂਦੀਆਂ ਤਾਂ ਪਾਪ ਮਾਫ਼ ਹੋ ਜਾਂਦੇ। ਪਰ ਬੁਰੀ ਖ਼ਬਰ ਇਹ ਸੀ ਕਿ ਇਹ ਪਾਪ ਅਜੇ ਵੀ ਉਹ ਸਨ ਜਿਨ੍ਹਾਂ ਦੀ ਮਾਫ਼ੀ ਜ਼ਰੂਰੀ ਹੁੰਦੀ ਸੀ! ਇਕ ਇਸਰਾਏਲੀ ਇਹ ਸ਼ਿਕਾਇਤ ਕਰ ਸਕਦਾ ਸੀ, ''ਹੇ ਯਹੋਵਾਹ, ਮੇਰਾ ਗ਼ਲਤ ਕਰਨ ਦਾ ਇਰਾਦਾ ਨਹੀਂ ਸੀ; ਗ਼ਲਤੀ ਕਰਨ ਵੇਲੇ ਮੈਨੂੰ ਤਾਂ ਪਤਾ ਵੀ ਨਹੀਂ ਸੀ ਕਿ ਇਹ ਗ਼ਲਤ ਹੈ। ਮੈਨੂੰ ਸਜ਼ਾ ਕਿਉਂ ਮਿਲੇ? ਮਾਫ਼ੀ ਲਈ ਮੈਂ ਬਲੀ ਕਿਉਂ ਦਿਆਂ?'' ਯਹੋਵਾਹ ਤੇ ਉਸ ਦੀ ਦਲੀਲ ਦਾ ਕੋਈ ਅਸਰ ਨਹੀਂ ਹੁੰਦਾ ਹੋਵੇਗਾ। ਉਸ ਆਦਮੀ ਲਈ ਉਸ ਦਾ ਸੰਦੇਸ਼ ਸੀ ਕਿ ''ਹੋ ਸਕਦਾ ਹੈ ਕਿ ਤੇਰਾ ਇਰਾਦਾ ਪਾਪ ਕਰਨ ਦਾ ਨਾ ਹੋਵੇ, ਜਾਂ ਹੋ ਸਕਦਾ ਹੈ ਕਿ ਤੈਨੂੰ ਪਤਾ ਨਾ ਹੋਵੇ ਕਿ ਤੂੰ ਪਾਪ ਕਰ ਰਿਹਾ ਹੈਂ। ਫਿਰ ਵੀ, ਤੂੰ ਪਾਪ ਤਾਂ ਕੀਤਾ। ਹੁਣ ਤੈਨੂੰ ਮਾਫ਼ੀ ਪਾਉਣ ਲਈ ਬਲੀ ਦੇਣੀ ਪਵੇਗੀ।''

ਅੱਜ ਸਾਨੂੰ ਪ੍ਰਭੂ ਤੋਂ ਸਾਡੇ ਪਾਪਾਂ ਨੂੰ ਇਸੇ ਤਰ੍ਹਾਂ ਵੇਖਣ ਦੀ ਉਮੀਦ ਕਰਨੀ ਚਾਹੀਦੀ ਹੈ। ਜੇ ਸਾਡਾ ਪਾਪ ਕਰਨ ਦਾ ਇਰਾਦਾ ਨਾ ਵੀ ਹੋਵੇ, ਅਤੇ ਜੇ ਪਾਪ ਕਰਨ ਵੇਲੇ ਸਾਨੂੰ ਪਤਾ ਨਾ ਵੀ ਹੋਵੇ ਕਿ ਅਸੀਂ ਪਾਪ ਕਰ ਰਹੇ ਹਾਂ, ਜਦੋਂ ਅਸੀਂ ਪਰਮੇਸ਼ੁਰ ਦੇ ਹੁਕਮ ਨੂੰ ਤੋੜ ਕੇ ਗ਼ਲਤ ਕਰਦੇ ਹਾਂ, ਤਾਂ ਅਸੀਂ ਪਾਪ ਕਰ ਰਹੇ ਹੁੰਦੇ ਹਾਂ! ਫਿਰ ਜਿਵੇਂ ਇਕ ਇਸਰਾਏਲੀ ਲਈ ਪਾਪ ਦੀ ਭੇਟ ਲਿਆਉਣੀ ਜ਼ਰੂਰੀ ਸੀ, ਉਵੇਂ ਹੀ ਸਾਡੇ ਲਈ ਆਪਣੇ ਪਾਪਾਂ ਦੀ ਮਾਫ਼ੀ ਪਾਉਣ ਲਈ ਤੋਬਾ ਕਰਕੇ ਆਪਣੀ ''ਪਾਪ ਦੀ ਭੇਟ'' ਅਰਥਾਤ ਯਿਸੂ ਮਸੀਹ ਵੱਲ ਮੁੜਨਾ ਜ਼ਰੂਰੀ ਹੈ। ਪਾਪ ਚਾਹੇ ਅਗਿਆਨਤਾ ਵਿਚ ਕੀਤੇ ਗਏ ਹੋਣ ਜਾਂ ਅਣਜਾਣਪੁਣੇ ਵਿਚ ਪਰ ਮਾਫ਼ੀ ਦਾ ਰਾਹ ਸਿਰਫ਼ ਉਹੀ ਹੈ (ਯੂਹੰਨਾ 1:6—2:2)।

**ਪਾਪ ਦੀ ਭੇਟ: ''ਹੇ ਯਹੋਵਾਹ, ਮੈਂ ਸਚਮੁਚ ਸ਼ਰਮਿੰਦਾ ਹਾਂ''** (4:1—5:13)

ਜਦੋਂ ਅਸੀਂ ਇਸ ਗੱਲ ਤੇ ਭਾਵ ਹੁਣ ਤਕ ਦੀ ਸਭ ਤੋਂ ਅਹਿਮ ਕੁਰਬਾਨੀ, ਪਾਪ ਦੀ ਭੇਟ ਦੀ ਗੱਲ ਕਰਦੇ ਹਾਂ ਤਾਂ ਲੇਵੀਆਂ ਦੀ ਪੁਸਤਕ ਵਿਚ ਯਾਜਕਾਂ ਅਤੇ ਕੁਰਬਾਨੀ ਲਿਆਉਣ ਵਾਲਿਆਂ ਲਈ ਪ੍ਰਮੁੱਖ ਹਦਾਇਤਾਂ ਮਿਲਦੀਆਂ ਹਨ। ਇਹ ਕੁਰਬਾਨੀ ਇਸ ਅਰਥ ਵਿਚ ਖ਼ਾਸ ਹੈ ਕਿ ਇਹ ਸਾਰੇ ਇਸਰਾਏਲੀਆਂ ਲਈ, ਇੱਥੋ ਤਕ ਕਿ ਹਰ ਯਾਜਕ ਲਈ ਸਭ ਤੋਂ ਜ਼ਰੂਰੀ ਕੁਰਬਾਨੀਆਂ ਵਿੱਚੋਂ ਇਕ ਸੀ।

*ਕੁਰਬਾਨੀਆਂ ਦੀ ਵਿਲੱਖਣਤਾ।* ਪਾਪ ਦੀ ਭੇਟ ਅਤੇ ਹੋਰਨਾਂ ਭੇਟਾਂ ਵਿਚਕਾਰ ਕੁਝ ਫ਼ਰਕ ਕੀ ਹਨ?

ਪਹਿਲਾ, ਕੁਰਬਾਨੀ ਬਿਨਾਂ ਨੁਕਸ ਦੇ ਹੁੰਦੀ ਸੀ। ਹਰ ਕੁਰਬਾਨੀ ਨਾਲ ਯਹੋਵਾਹ ਦਾ ਧਿਆਨ ਦਿੱਤੀ ਜਾਣ ਵਾਲੀ ਕੁਰਬਾਨੀ ਦੀ ਗੁਣਵੱਤਾ ਵੱਲ ਹੁੰਦਾ ਸੀ। ਪਰਮੇਸ਼ੁਰ ਦਾ ਕਿਰਦਾਰ ਅਤੇ ਸੁਭਾਅ ਹੀ ਇਸ ਗੱਲ ਦੀ ਮੰਗ ਕਰਦਾ ਸੀ ਕਿ ਹਰ ਇਸਰਾਏਲੀ ਵਿਚ ਆਰਥਿਕ ਫ਼ਰਕਾਂ ਲਈ ਉਹਦੇ ਭੱਤੇ ਦੇ ਬਾਵਜੂਦ ਉਹਨੂੰ ਬੇਹਤਰੀਨ ਦਿੱਤਾ ਜਾਵੇ। ਪਰ ਪਾਪ ਦੀ ਭੇਟ ਵਿਚ, ਕੁਰਬਾਨੀ ਦੇ ਬੇਨੁਕਸ ਹੋਣ ਦੇ ਵਿਚਾਰ ਨੂੰ ਹੋਰ ਵੀ ਵਧੇਰੇ ਮਹੱਤਵ ਦਿੱਤਾ ਗਿਆ ਹੈ। ਹੋਮ ਦੀ ਭੇਟ, ਅੰਨ ਦੀ ਭੇਟ ਅਤੇ ਸੁਖ ਸਾਂਦ ਦੀ ਭੇਟ ਆਮ ਤੌਰ ਤੇ ਮੰਜ਼ੂਰ ਕਰ ਲਈਆਂ ਜਾਂਦੀਆਂ ਸਨ। ਵਫ਼ਾਦਾਰ ਇਸਰਾਏਲੀ ਯਾਹਵੇਹ ਨਾਲ ਸੰਗਤੀ ਵਿਚ ਹੋਣ ਦਾ ਸੰਤੋਖ ਵਿਖਾ ਰਿਹਾ ਹੁੰਦਾ ਸੀ। ਉਸ ਦੀਆਂ ਕੁਰਬਾਨੀਆਂ ਯਹੋਵਾਹ ਲਈ ਕੁਝ ਮਧੁਰ, ਸੁਖਦ ਅਤੇ ਸੰਤੁਸ਼ਟ ਕਰਨ ਵਾਲਾ ਹੋਣ ਨੂੰ ਦਰਸਾਉਂਦੀਆਂ ਸਨ। ਪਾਪ ਬਲੀ ਅਤੇ ਦੋਸ਼ ਬਲੀ ਵਿਚ ਕੁਰਬਾਨੀ ਲਿਆਉਣ ਵਾਲਾ ਵਿਅਕਤੀ ਪਾਪ ਦੇ ਦੋਸ਼ ਹੇਠ ਹੁੰਦਾ ਸੀ।[19] ਕੁਰਬਾਨੀ ਸੰਗਤੀ ਬਣਾਈ ਰੱਖਣ ਲਈ ਨਹੀਂ ਹੁੰਦੀ ਸੀ ਬਲਕਿ ਇਹ ਪਾਪ ਦੇ ਕਾਰਣ ਟੁੱਟ ਗਏ ਸਬੰਧ ਨੂੰ ਬਹਾਲ ਕਰਨ ਲਈ ਹੁੰਦੀ ਸੀ। ਇਸ ਦਾ ਸ਼ੁੱਧ ਪਰਮੇਸ਼ੁਰ ਦੇ ਸਾਹਮਣੇ ਹਰ ਸੰਭਵ ਸਿੱਧ ਕੁਰਬਾਨੀ ਹੋਣਾ ਜ਼ਰੂਰੀ ਹੁੰਦਾ ਸੀ, ਜਿਹੜਾ ਆਪਣੇ ਪੂਰਬ ਗਿਆਨ ਦੇ ਰਾਹੀਂ ਜਾਣਦਾ ਸੀ ਕਿ ਇਹ ਉਹਦੇ ਸਿੱਧ ਪੁੱਤਰ ਦੇ ਰੂਪ ਦਾ ਕੰਮ ਕਰੇਗੀ ਜਿਸ ਨੇ ਬਾਅਦ ਵਿਚ ਸੰਸਾਰ ਦੇ ਪਾਪਾਂ ਲਈ ਮਰਨਾ ਸੀ।

ਦੂਜਾ, ਭੇਟ ਨੂੰ ਡੇਰੇ ਦੇ ਬਾਹਰ ਸਾੜਿਆ ਜਾਂਦਾ ਸੀ। ਹੋਰ ਭੇਟਾਂ ਪਵਿੱਤਰ ਅਸਥਾਨ ਦੇ ਬੂਹੇ ਮੂਹਰੇ ਜਗਵੇਦੀ ਦੇ ਹੇਠਾਂ ਚੜ੍ਹਾਈਆਂ ਜਾਂਦੀਆਂ ਸਨ। ਚਰਬੀ ਭਾਵੇਂ ਲਾਹ ਦਿੱਤੀ ਜਾਂਦੀ ਸੀ, ਜਿਵੇਂ ਸਾਰੀਆਂ ਕੁਰਬਾਨੀਆਂ ਵਿਚ ਹੁੰਦਾ ਸੀ, ਪਰ ਹੋਮ ਬਲੀ ਦੇ ਉਲਟ, ਇਸ ਬਲਦ ਨੂੰ ਪੂਰੇ ਦਾ ਪੂਰਾ ਡੇਰਿਓਂ ਬਾਹਰ ਲਿਜਾ ਕੇ ਇਕ ਵੱਖਰੀ ਅੱਗ ਵਿਚ ਸਾੜਿਆ ਜਾਂਦਾ ਸੀ। ਮਸੀਹ ਦੀ ਕੁਰਬਾਨੀ ਦੇ ਇਸ ਵਿਚਾਰ ਦੀ ਪ੍ਰਾਸੰਗਿਕਤਾ ਇਬਰਾਨੀਆਂ 13: 11, 12 ਵਿਚ ਮਿਲਦੀ ਹੈ:

> ਕਿਉਂਕਿ ਜਿਨ੍ਹਾਂ ਪਸ਼ੂਆਂ ਦਾ ਲਹੂ ਪ੍ਰਧਾਨ ਜਾਜਕ ਪਵਿੱਤਰ ਅਸਥਾਨ ਵਿਚ ਪਾਪ ਨਮਿੱਤ ਲੈ ਜਾਂਦਾ ਹੈ ਉਨ੍ਹਾਂ ਦੇ ਸਰੀਰ ਡੇਰਿਓਂ ਬਾਹਰ ਸਾੜੇ ਜਾਂਦੇ ਹਨ। ਇਸ ਲਈ ਯਿਸੂ ਨੇ ਵੀ ਭਈ ਲੋਕਾਂ ਨੂੰ ਆਪਣੇ ਲਹੂ ਨਾਲ ਪਵਿੱਤਰ ਕਰੇ ਫਾਟਕੋਂ ਬਾਹਰ ਦੁਖ ਝੱਲਿਆ।

ਯਿਸੂ ਨੇ ਯਰੂਸ਼ਲਮ ਦੀ ਸ਼ਹਿਰਪਨਾਹ ਦੇ ਬਾਹਰ ਗੁਲਗੁਥਾ ਦੇ ਬਾਹਰ ਪਾਪ ਦੀ ਭੇਟ ਦੇ ਪ੍ਰਤੀਰੂਪ ਨੂੰ ਪੂਰਿਆਂ ਕੀਤਾ।

ਤੀਜਾ, ਭੇਟ ਲਈ ਕਈ ਥਾਂਵਾਂ ਤੇ ਲਹੂ ਦਾ ਛਿੜਕਿਆ ਜਾਣਾ ਜ਼ਰੂਰੀ ਸੀ। ਸੁਗੰਧਤਾ ਦੀਆਂ ਬਲੀਆਂ ਵਿਚ, ਜਦੋਂ ਜਾਨਵਰ ਦਾ ਮਾਰਿਆ ਜਾਣਾ ਜ਼ਰੂਰੀ ਸੀ, ਲਹੂ ਯਾਜਕ ਅਤੇ ਭੇਟ ਲਿਆਉਣ ਵਾਲੇ ਦੀਆਂ ਹੋਰਨਾਂ ਗਤੀਵਿਧਿਆਂ ਵਿਚ ਬਾਅਦ ਵਿਚ ਆਉਂਦਾ ਸੀ। ਪਾਪ ਦੀ ਭੇਟ ਵਿਚ, ਲਹੂ ਸਿਰਫ਼ ਓਸੇ ਥਾਂ, ਹੋਮ ਬਲੀ ਦੀ ਵੇਦੀ ਦੇ ਦੁਆਲੇ ਹੀ ਨਹੀਂ ਛਿੜਕਿਆ ਜਾਂਦਾ ਸੀ ਬਲਕਿ ਜਗਵੇਦੀ ਦੇ ਸਿੰਙਾਂ ਉੱਤੇ ਵੀ ਲਾਇਆ ਜਾਂਦਾ ਸੀ ਜੋ ਕਿ ਸਭ ਤੋਂ ਖ਼ਾਸ ਅਤੇ ਪਵਿੱਤਰ ਭਾਗ ਹੁੰਦਾ ਸੀ। ਸਮੁੱਚੀ ਮੰਡਲੀ ਦੇ ਪਾਪਾਂ ਲਈ ਕੁਰਬਾਨੀ ਦਿੱਤੇ ਜਾਣ ਵਿਚ ਨਾ ਸਿਰਫ਼ ਲਹੂ ਨੂੰ ਉਨ੍ਹਾਂ ਥਾਂਵਾਂ ਤੇ ਛਿੜਕਿਆ ਜਾਂਦਾ ਸੀ ਬਲਕਿ ਯਾਜਕ ਲਹੂ ਨੂੰ ਪਵਿੱਤਰ ਅਸਥਾਨ ਵਿਚ ਲਿਆ ਕੇ ਇਸ ਨੂੰ ਅੱਤ ਪਵਿੱਤਰ ਅਸਥਾਨ ਦੇ ਨੇੜੇ ਪਰਦੇ ਦੇ ਸਾਹਮਣੇ ਧੂਪ ਦੀ ਜਗਵੇਦੀ ਦੇ ਸਿੰਙਾਂ ਉੱਤੇ ਲਾਉਂਦਾ ਸੀ। ਪ੍ਰਾਸਚਿਤ ਵਾਲੇ ਦਿਨ ਪਾਪ ਦੀ ਵੱਡੀ ਭੇਟ ਵਿਚ ਮਹਾਯਾਜਕ ਆਪਣੇ ਲਈ ਅਤੇ ਫੇਰ ਦੁਬਾਰਾ ਲੋਕਾਂ ਦੇ ਪਾਪਾਂ ਲਈ ਲਹੂ ਲੈ ਕੇ ਅੱਤ ਪਵਿੱਤਰ ਅਸਥਾਨ ਵਿਚ ਵੜਦਾ ਸੀ। ਇਹ ਲਹੂ ਪ੍ਰਾਸਚਿਤ ਦੇ ਸਰਪੋਸ਼ ਉੱਤੇ ਛਿੜਕਿਆ ਜਾਂਦਾ ਸੀ। ਪ੍ਰਤੀਕ ਸਾਫ਼ ਲਗਦਾ ਹੈ ਕਿ ਜਦੋਂ ਲੋਕਾਂ ਦੇ ਸ਼ੁੱਧ ਕੀਤੇ ਜਾਣ ਦੀ ਗੱਲ ਹੁੰਦੀ ਹੈ ਤਾਂ ਲਹੂ ਨੂੰ ਪਰਮੇਸ਼ੁਰ ਦੀ ਹਜ਼ੂਰੀ ਦੇ ਨੇੜੇ ਅਤੇ ਹੋਰ ਨੇੜੇ ਲਿਆਂਦਾ ਜਾਣਾ ਜ਼ਰੂਰੀ ਸੀ। ਸ਼ਾਇਦ ਇਹ ਸਾਨੂੰ

ਪਾਪ ਦੇ ਪ੍ਰਤੀ ਪਰਮੇਸ਼ੁਰ ਦੇ ਵਿਚਾਰ ਨੂੰ ਵਿਖਾਉਂਦਾ ਹੈ ਕਿ ਜਦੋਂ ਇਹ ਇੱਥੋਂ ਤਕ ਵਧ ਜਾਵੇ ਕਿ ਕੌਮ ਦਾ ਪਾਪ ਬਣ ਜਾਵੇ ਤਾਂ ਕੌਮ ਨੂੰ ਮਾਫ਼ੀ ਪਾਉਣ ਲਈ ਪਰਮੇਸ਼ੁਰ ਦੇ ਹੋਰ ਨੇੜੇ ਆਉਣਾ ਜ਼ਰੂਰੀ ਸੀ।[20]

ਚੌਥਾ, ਪਾਪੀ ਲਈ ਕੋਈ ਅਪਵਾਦ ਨਹੀਂ ਸਨ। ਲੇਵੀਆਂ 4 ਅਧਿਆਇ ਵਿਚ ਵਿਆਖਿਆ ਲੰਬੀ ਹੈ ਪਰ ਇਸ ਦਾ ਠੋਸ ਕਾਰਣ ਹੈ। ਨਬੀ ਹੋਵੇ ਜਾਂ ਯਾਜਕ ਜਾਂ ਰਾਜਾ ਖ਼ੁਦਾ ਨੇ ਸਭ ਲਈ ਇੰਤਜ਼ਾਮ ਕੀਤਾ ਸੀ; ਪਰ ਉਹਨੇ ਪਾਪ ਦੀ ਭੇਟ ਦੀ ਲੋੜ ਲਈ ਕੋਈ ਅਪਵਾਦ ਨਹੀਂ ਰੱਖਿਆ ਸੀ। ਯਾਜਕ ਲਈ ਆਮ ਇਸਰਾਏਲੀ ਨਾਲੋਂ ਫ਼ਰਕ ਇੰਤਜ਼ਾਮ ਸੀ, ਕਿਉਂ ਜੋ ਉਹ ਪਰਮੇਸ਼ੁਰ ਦੀ ਸੇਵਾ ਵਿਚ ਖ਼ਾਸ ਥਾਂ ਤੇ ਖਲੋਂਦਾ ਸੀ। ਫਿਰ ਵੀ ਹੋਰਨਾਂ ਸਭਨਾਂ ਵਾਂਗ ਉਹਨੂੰ ਆਪਣੇ ਕੀਤੇ ਪਾਪਾਂ ਲਈ ਪ੍ਰਾਸਚਿਤ ਕਰਨਾ ਜ਼ਰੂਰੀ ਸੀ। ਇਸਰਾਏਲ ਨੂੰ ਪਰਮੇਸ਼ੁਰ ਵੱਲੋਂ ਯਾਜਕਾਂ ਦੀ ਕੌਮ ਮੰਨਿਆ ਜਾਂਦਾ ਸੀ, ਅਤੇ ਯਾਜਕ ਪਵਿੱਤਰ ਅਸਥਾਨ ਵਿਚ ਕੌਮ ਨੂੰ ਦਰਸਾਉਂਦਾ ਸੀ। ਜਦੋਂ ਯਾਜਕ ਪਾਪ ਕਰਦਾ ਤਾਂ ਉਹ ਪਵਿੱਤਰ ਅਸਥਾਨ ਦੂਸ਼ਿਤ ਹੋ ਜਾਂਦਾ ਸੀ, ਜਿਸ ਵਿਚ ਉਹ ਪਰਮੇਸ਼ੁਰ ਦੇ ਸਾਹਮਣੇ ਇਸਰਾਏਲ ਦੀ ਨੁਮਾਇੰਦਗੀ ਕਰਦਾ ਸੀ। ਜੋ ਕੁਝ ਕੌਮ ਲਈ ਕਰਨਾ ਜ਼ਰੂਰੀ ਸੀ ਉਹੀ ਯਾਜਕ ਲਈ ਵੀ ਕਰਨਾ ਜ਼ਰੂਰੀ ਸੀ। ਯਾਜਕ ਲਈ ਪਹਿਲਾਂ ਪ੍ਰਾਸਚਿਤ ਕਰਨਾ ਜ਼ਰੂਰੀ ਸੀ, ਤਦੇ ਉਹ ਸਹੀ ਢੰਗ ਨਾਲ ਪਰਮੇਸ਼ੁਰ ਅਤੇ ਲੋਕਾਂ ਦੀ ਇਕ ਵਿਚੋਲੇ ਦੇ ਰੂਪ ਵਿਚ ਨੁਮਾਇੰਦਗੀ ਕਰ ਸਕਦਾ ਸੀ। ਬਜ਼ੁਰਗਾਂ ਜਾਂ ਲੋਕਾਂ ਦੇ ਨਿਆਈਆਂ ਦੇ ਵਰਗੇ ਹਾਕਮ ਸ਼ਰ੍ਹਾ ਤੋਂ ਉੱਪਰ ਨਹੀਂ ਸਨ (4:22)।

*ਪਾਪ ਦੀ ਭੇਟ ਅਤੇ ਮੁਕਤੀਦਾਤਾ।* ਅਸੀਂ ਪਹਿਲਾਂ ਹੀ ਪਾਪ ਦੀ ਭੇਟ ਵਿਚ ਮਸੀਹ ਦੇ ਰੂਪ ਅਤੇ ਪ੍ਰਤੀਰੂਪ ਦੀਆਂ ਕੁਝ ਪ੍ਰਾਸੰਗਿਕਤਾਵਾਂ ਦਾ ਅਧਿਐਨ ਕਰ ਚੁੱਕੇ ਹਾਂ। ਪਰ ਇਸ ਕੁਰਬਾਨੀ ਨੂੰ ਹੋਰ ਚੰਗੀ ਤਰ੍ਹਾਂ ਨਾਲ ਸਮਝਣ ਲਈ ਸਾਨੂੰ ਨਵੇਂ ਨੇਮ ਵਿੱਚੋਂ ਕੁਝ ਨਿਯਮ ਲਾਗੂ ਕਰਨੇ ਜ਼ਰੂਰੀ ਹਨ।

ਪਹਿਲਾ, ਮਸੀਹ ਨੇ ਪੂਰੀ ਅਤੇ ਸੰਪੂਰਣ ਕੁਰਬਾਨੀ ਦਿੱਤੀ (ਇਬਰਾਨੀਆਂ 9:11–14)। ਪਾਪ ਦੀ ਭੇਟ ਬਾਰ–ਬਾਰ ਦਿੱਤੀ ਜਾਣ ਵਾਲੀ ਕੁਰਬਾਨੀ ਸੀ। ਇਹ ਇਸ ਅਰਥ ਵਿਚ ਥੋੜ੍ਹੀ ਦੇਰ ਲਈ ਸ਼ੁੱਧ ਕਰਦੀ ਸੀ ਕਿ ਪਾਪ ਦੀ ਭੇਟ ਦੇਣ ਤੋਂ ਬਾਅਦ ਇਹ ਥੋੜ੍ਹੀ ਦੇਰ ਦਾ ਵਿਰਾਮ ਹੁੰਦੀ ਸੀ, ਅਗਲੀ ਵਾਰ ਕੁਰਬਾਨੀ ਲਿਆਉਣ ਵਾਲੇ ਲਈ ਸਰੀਰ ਜਾਂ ਆਤਮਾ ਵਿਚ ਦੂਸ਼ਿਤ ਹੋ ਜਾਣ ਤੇ ਇਕ ਹੋਰ ਕੁਰਬਾਨੀ ਲਿਆਉਣੀ ਜ਼ਰੂਰੀ ਸੀ। ਕੁਰਬਾਨੀ ਲਿਆਉਣ ਵਾਲੇ ਦਾ ਅੰਤਹਕਰਣ ਉਹਦੇ ਆਪਣੇ ਮਨੁੱਖ ਹੋਣ ਕਰਕੇ ਅਤੇ ਕੁਰਬਾਨੀ ਦੇ ਨਾਕਾਫ਼ੀ ਹੋਣ ਕਰਕੇ ਪਰਮੇਸ਼ੁਰ ਦੀ ਨਜ਼ਰ ਵਿਚ ਹਮੇਸ਼ਾ ਲਈ ਸਾਫ਼ ਨਹੀਂ ਹੁੰਦਾ ਸੀ। ਪਰ ਮਸੀਹ ਵਿਚ, ਜਿਹੜਾ ਸੁਰਗ ਦੇ ਅੱਤ ਪਵਿੱਤਰ ਅਸਥਾਨ ਭਾਵ ਪਰਮੇਸ਼ੁਰ ਦੀ ਹਜ਼ੂਰੀ ਵਿਚ ਹੀ ਇੱਕੋ ਵਾਰ ਹਮੇਸ਼ਾ ਹਮੇਸ਼ਾ ਲਈ ਵੜ ਸਕਦਾ ਸੀ, ਸ਼ੁੱਧਤਾ ਚਾਹੁਣ ਵਾਲੇ ਲਈ ਸਿੱਧ ਬਲੀਦਾਨ (ਬਿਨਾਂ ਨੁਕਸ ਦੇ) ਲੋੜੀਂਦੀ ਸ਼ੁੱਧਤਾ ਦੁਆਉਂਦਾ ਹੈ। ਜਿਵੇਂ ਇਕ ਲੇਖਕ ਨੇ ਕਿਹਾ ਹੈ ਕਿ ਇਹ ਜ਼ੋਰ ''ਚੜ੍ਹਾਵਾ ਲਿਆਉਣ ਵਾਲੇ ਦਾ ਕਿਰਦਾਰ ਜਾਂ ਸਥਿਤੀ'' ਲਈ ਨਹੀਂ ਬਲਕਿ ''ਚੜ੍ਹਾਵੇ ਦੀ ਕੀਮਤ ਉੱਤੇ'' ਹੈ।[21] ਸਵਾਲ ਇਹ ਨਹੀਂ ਹੈ ਕਿ ਨਵੇਂ ਨੇਮ ਦਾ ਮਸੀਹੀ ਪੁਰਾਣੇ ਨੇਮ ਦੇ ਯਹੂਦੀ ਨਾਲੋਂ ਬੇਹਤਰ ਹੈ ਜਾਂ ਨਹੀਂ, ਬਲਕਿ ਇਹ ਹੈ ਕਿ ਮਸੀਹ ਦਾ ਲਹੂ ਬਲਦਾਂ ਜਾਂ ਬੱਕਰਿਆਂ ਦੇ ਲਹੂ ਨਾਲੋਂ ਉੱਤਮ ਹੈ ਜਾਂ ਨਹੀਂ। ਇਹ ਸਾਨੂੰ ਮਨੁੱਖ ਹੋਣ ਨੂੰ ਧਿਆਨ ਵਿਚ ਰੱਖਣ ਵਿਚ ਮਦਦ ਕਰਦਾ ਹੈ। ਅਸੀਂ ਸਭ ਪਾਪ ਦੇ ਹੇਠ ਹਾਂ (ਰੋਮੀਆਂ 3:23) ਭਾਵ ਅਸੀਂ ਕਿਸੇ ਹੋਰ ਨਾਲੋਂ ਬੇਹਤਰ ਨਹੀਂ ਹਾਂ। ਆਮ ਤੌਰ ਤੇ ਸਿਰਫ਼ ਦੋ ਤਰ੍ਹਾਂ ਦੇ ਹੀ ਮਨੁੱਖੀ ਜੀਵ ਹੁੰਦੇ ਹਨ। ਇਕ ਬਚਾਏ ਗਏ ਪਾਪੀ ਅਤੇ ਦੂਜੇ ਗੁਆਚੇ ਹੋਏ ਪਾਪੀ।[22] ਅਸੀਂ ਨਵੇਂ ਨੇਮ ਦੇ ਤਹਿਤ ਰਹਿਣ ਲਈ ਧੰਨਵਾਦ ਕਰ ਸਕਦੇ ਹਾਂ, ਪਰ ਸਲੀਬ ਦੇ ਦੋਵੇਂ ਪਾਸੇ ਪਰਮੇਸ਼ੁਰ ਦੇ ਕੰਮਾਂ ਲਈ ਧੰਨਵਾਦ ਕਰਨਾ ਜ਼ਰੂਰੀ ਹੈ ਕਿਉਂਕਿ ਉਹਨੇ ਦੋਵੇਂ ਪਾਸੇ ਪਾਪ ਦੇ ਲਈ ਇੰਤਜ਼ਾਮ ਕੀਤਾ ਹੈ।

ਇਕ ਦੂਜਾ ਨਿਯਮ ਇਹ ਹੈ ਕਿ ਪਾਪ ਨੂੰ ਖ਼ੁਦਾ ਦੇ ਨਜ਼ਰੀਏ ਤੋਂ ਵੇਖਿਆ ਜਾਣਾ ਜ਼ਰੂਰੀ ਹੈ। ਸ਼ਬਦਾਂ ਦੇ ਇਸ ਬਦਲਦੇ ਯੁੱਗ ਵਿਚ ਅਸੀਂ ਪਾਪ ਨੂੰ ਉਸ ਨਾਲੋਂ ਘੱਟ ਕਰ ਦਿੱਤਾ ਹੈ ਜੋ ਪਰਮੇਸ਼ੁਰ ਇਸ ਦਾ

ਅਰਥ ਵੇਖਦਾ ਹੈ। ਸਾਡੀਆਂ ਦੁਆਵਾਂ ਵਿਚ ਆਮ ਤੌਰ ਤੇ ''ਖਾਮੀਆਂ'' ਅਤੇ ''ਗ਼ਲਤੀਆਂ'' ਵਰਗੇ ਸ਼ਬਦ ਸੁਣਨ ਨੂੰ ਮਿਲਦੇ ਹਨ। ਇਨ੍ਹਾਂ ਨਾਲ ਸਾਡੇ ਉੱਤੇ ''ਪਾਪ'' ਸ਼ਬਦ ਦਾ ਜਿਹੜਾ ਪ੍ਰਭਾਵ ਪੈਣਾ ਚਾਹੀਦਾ ਸੀ ਉਹਨੂੰ ਘੱਟ ਕਰ ਦਿੱਤਾ ਹੈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਪਾਪ ਨਾਲ ਨਜਿੱਠ ਲਿਆ ਗਿਆ ਹੈ ਪਰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਖ਼ੁਦਾ ਪਾਪ ਨੂੰ ਜਾਨ ਲਈ ਖ਼ਤਰਾ ਮੰਨਦਾ ਹੈ।

ਖ਼ੁਦਾ ਲਈ ਜਾਨਵਰਾਂ ਦੀ ਕੁਰਬਾਨੀ ਬੰਦ ਕਰਕੇ ਆਪਣੇ ਪੁੱਤਰ ਯਿਸੂ ਮਸੀਹ ਦੇ ਲਹੂ ਨੂੰ ਲਿਆਉਣਾ ਕਿਉਂ ਜ਼ਰੂਰੀ ਸੀ? ਅਸੀਂ ਸਿਰਫ਼ ਇਸਰਾਏਲ ਦੇ ਪਾਪਾਂ ਬਾਰੇ ਹੀ ਨਾ ਸੋਚੀਏ, ਬਲਕਿ ਉਹਦੇ ਨੇਮ ਦੇ ਬਾਹਰ ਦੇ ਲੋਕਾਂ ਦਾ ਵੀ ਧਿਆਨ ਰੱਖੀਏ (ਅਫ਼ਸੀਆਂ 2: 10, 11) ਜਿਨ੍ਹਾਂ ਨੂੰ ਪ੍ਰਾਸਚਿਤ ਦੀ ਲੋੜ ਸੀ। ਯਿਸੂ ਦੀ ਇਸ ਵੱਡੀ ਕੁਰਬਾਨੀ ਦੇ ਰਾਹੀਂ ਜਗਤ ਦੇ ਪਾਪਾਂ ਲਈ ਲੋੜੀਂਦੀ ਭੇਟ ਦਿੱਤੀ ਜਾ ਸਕਦੀ ਸੀ। ਭੁੱਲ ਚੁੱਕ ਦੇ ਕੰਮਾਂ ਦੇ ਰਾਹੀਂ ਪਾਪ ਦਾ ਅਸਲ ਦੋਸ਼ ਗਿਣਿਆ ਜਾਂਦਾ ਸੀ। ਇਸ ਕਰਕੇ ਪਾਪ ਦੇ ਮਸਲੇ ਦਾ ਹੱਲ ਪਾਪੀ ਅਤੇ ਪਰਮੇਸ਼ੁਰ ਦੇ ਵਿਚਕਾਰ ਹੀ ਹੋਣਾ ਜ਼ਰੂਰੀ ਸੀ। ਰੱਬੀ ਨਿਯਮ ਉਨ੍ਹਾਂ ਮਨੋਵਿਗਿਆਨਕ ਤਰੀਕਿਆ ਨਾਲੋਂ ਜਿਨ੍ਹਾਂ ਸਾਡੇ ਸਮਾਜ ਅਤੇ ਕਲੀਸੀਆ ਨੂੰ ਵੀ ਖਾ ਲਿਆ ਹੈ, ਦੇ ਬਿਲਕੁਲ ਉਲਟ ਹਨ। ਸਪੱਸ਼ਟ ਵਿਹਾਰ ਦੇ ਕਾਰਣ ਦੋਸ਼ ਇਕ ਹਕੀਕਤ ਹੈ। ਸਿਰਫ਼ ''ਚੰਗਾ ਮਹਿਸੂਸ ਕਰਾਉਣ ਵਾਲੇ'' ਸਰਮਨ ਇਸ ਦਾ ਜਵਾਬ ਨਹੀਂ ਹਨ। ਪਰਮੇਸ਼ੁਰ ਦੇ ਸਾਹਮਣੇ ਨਿੱਜੀ ਜ਼ਿੰਮੇਵਾਰੀ ਦੇ ਨਿਯਮ ਵੱਲ ਮੁੜਨ ਲਈ ਠੋਸ ਪ੍ਰਚਾਰ ਦੀ ਲੋੜ ਹੈ। ਲੋਕਾਂ ਨੂੰ ਉਸ ਪਾਪ ਦੇ ਜਵਾਬ ਨੂੰ ਲਾਗੂ ਕਰਨ ਤੋਂ ਪਹਿਲਾਂ ਆਪਣੀਆਂ ਜ਼ਿੰਦਗੀਆਂ ਵਿਚ ਪਾਪ ਦੇ ਦੋਸ਼ੀ ਠਹਿਰਾਉਣਾ ਜ਼ਰੂਰੀ ਹੈ।

*ਸਾਰ।* ਮਾਨਵਤਾਵਾਦ, ਨਾਸਤਕਵਾਦ, ਅਨੈਤਿਕਤਾ ਦੇ ਇਸ ਯੁੱਗ ਵਿਚ ਸਾਡੀਆਂ ਮੁਸ਼ਕਿਲਾਂ ਦਾ ਇੱਕੋ ਇਕ ਹੱਲ ਯਿਸੂ ਮਸੀਹ ਹੈ। ਕਲੀਸੀਆ ਨੂੰ ਮੁਕਤੀ ਦਾ ਸੰਦੇਸ਼ ਬਾਹਰ ਘੱਲਣ ਦਾ ਫ਼ਤਵਾ ਮਿਲਿਆ ਹੋਇਆ ਹੈ। ਸਾਨੂੰ ਅਜਿਹੇ ਤਰੀਕੇ ਕੱਢਣੇ ਚਾਹੀਦੇ ਹਨ ਜਿਨ੍ਹਾਂ ਨਾਲ ਲੋਕਾਂ ਦੀਆਂ ਲੋੜਾਂ ਤਕ ਪਹੁੰਚ ਕੇ ਉਨ੍ਹਾਂ ਦਾ ਧਿਆਨ ਮਸੀਹ ਵੱਲ ਲਿਆਂਦਾ ਜਾਵੇ। ਲੋਕ ਆਪਣੀਆਂ ਪਰੇਸ਼ਾਨੀਆਂ ਦੇ ਜਵਾਬ ਲੱਭ ਰਹੇ ਹਨ। ਬਹੁਤ ਸਾਰੇ ਲੋਕ ਅਖ਼ੀਰ ਵਿਚ ਧਰਮ ਅਤੇ ਕਲੀਸੀਆ ਵੱਲ ਤੱਕਣਗੇ। ਕੀ ਅਸੀਂ ਉਨ੍ਹਾਂ ਨੂੰ ਉਹ ਜਵਾਬ ਦੇਣ ਲਈ ਤਿਆਰ ਹਾਂ ਜਿਹੜੇ ਉਨ੍ਹਾਂ ਨੂੰ ਹਮੇਸ਼ਾ ਦੀ ਜ਼ਿੰਦਗੀ ਵੱਲ ਲਿਜਾ ਸਕਣ?

ਮੈਕਸ ਟਾਰਬਟ

---

ਟਿੱਪਣੀਆਂ

[1]ਬਹੁਤੇ ਪ੍ਰਮੁੱਖ ਸੰਸਕਰਣ ''ਪਾਪ ਦੀ ਭੇਟ'' ਅਨੁਵਾਦ ਨਾਲ ਸਹਿਮਤ ਹਨ (KJV; ASV; NKJV; NIV; NRSV; NAB; NJPSV; ESV)। NJB ਵਿਚ ''ਪਾਪ ਲਈ ਕੁਰਬਾਨੀ'' ਹੈ। ਇਬਰਾਨੀ ਸ਼ਬਦ ***chatta'th*** (*ਖ਼ੱਤਥ*) ''ਦਾ ਅਰਥ 'ਪਾਪ ਦੀ ਭੇਟ' (135 ਵਾਰ) ਹੈ। ... ਇਹ ਅਣਜਾਣੇ ਵਿਚ ਇਸ ਨੂੰ ਕਰਨ ਦੇ ਇਰਾਦੇ ਦੇ ਬਗ਼ੈਰ ਅਤੇ ਸ਼ਾਇਦ ਇਸ ਦੇ ਕੀਤੇ ਜਾਣ ਵੇਲੇ ਇਸ ਦਾ ਪਤਾ ਵੀ ਨਾ ਹੋਣ ਵਾਲੇ ਕਿਸੇ ਖ਼ਾਸ 'ਪਾਪ' ਲਈ ਭੇਟ ਸੀ (ਲੇਵੀਆਂ 4:2; 5:15)'' (ਡਬਲਯੂ. ਈ. ਵਾਈਨ, ਮੈਰਿਲ ਐੱਫ਼. ਅੰਗਰ, ਐਂਡ ਵਿਲੀਅਮ ਵ੍ਹਾਈਟ, ਜੂਨੀਅਰ, *ਵਾਈਨ'ਸ ਕੰਪਲੀਟ ਐਕਸਪੋਜ਼ਿਟਰੀ ਡਿਕਸ਼ਨਰੀ ਆਫ ਓਲਡ ਐਂਡ ਨਿਊ ਟੈਸਟਾਮੈਂਟ ਵਰਡਜ਼ [* ਨੈਸ਼ਵਿਲ: ਥੌਮਸ ਨੈਲਸਨ ਪਬਲੀਸ਼ਰਜ਼, 1985*]*, 232). [2]REB ਵਿਚ ''ਸ਼ੁੱਧ ਕੀਤੇ ਜਾਣ ਦੀ ਭੇਟ ਹੈ'' (ਵੇਖੋ CEB)। [3]ਰੌਏ ਗੇਨ, *ਲੇਵੀਆਂ ਦੀ ਪੋਥੀ, ਗਿਣਤੀ*, ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2004), 96–97. [4]*ਹਾਰਪਰ'ਜ਼ ਬਾਈਬਲ ਕਮੈਂਟਰੀ*, ਸੰਪਾ. ਜੇਮਸ ਐੱਲ. ਮੇਅਸ (ਸੈਨ ਫ਼੍ਰਾਂਸਿਸਕੋ: ਹਾਰਪਰ ਐਂਡ ਰੋਅ, 1988), 160 ਵਿਚ ਜੌਨ ਐੱਚ. ਹੇਅਸ, ''ਲੇਵੀਆਂ ਦੀ ਪੋਥੀ।'' [5]ਜਿਵੇਂ ਅਧਿਆਇ 3 ਤੇ ਟਿੱਪਣੀਆਂ ਵਿਚ ਸੁਝਾਅ ਦਿੱਤਾ ਗਿਆ ਸੀ, ''ਸੁਖ ਸਾਂਦ ਦੀ ਭੇਟ'' ਦਾ ਮੁੱਖ ਮਕਸਦ ਮਾਫ਼ੀ ਪਾਉਣਾ ਨਹੀਂ ਹੋਵੇਗਾ, ਪਰ ਇਸ ਭੇਟ ਨਾਲ ਜੁੜੀਆਂ ਕਾਰਵਾਈਆਂ ਤੋਂ

ਸੁਝਾਅ ਮਿਲਦਾ ਹੈ ਕਿ ਕੁਰਬਾਨੀ ਦਿੱਤੇ ਜਾਣ ਤੇ ਮਾਫ਼ੀ ਦੀ ਉਮੀਦ ਹੁੰਦੀ ਸੀ। [6]ਜਿਵੇਂ ਅਧਿਆਇ 1 ਦੀਆਂ ਟਿੱਪਣੀਆਂ ਵਿਚ ਕਿਹਾ ਗਿਆ ਸੀ, ਹੋਮ ਦੀ ਭੇਟ ਵਿਚ ਜ਼ੋਰ ਭੇਟ ਲਿਆਉਣ ਵਾਲੇ ਦੇ ਪਰਮੇਸ਼ੁਰ ਅੱਗੇ ਪੂਰਾ ਸਮਰਪਣ ਤੇ ਹੁੰਦਾ ਹੋਵੇਗਾ। ਫਿਰ ਵੀ ਵਚਨ ਦੱਸਦਾ ਹੈ ਕਿ ਇਹ ਪ੍ਰਾਸਚਿਤ ਦਾ ਕਾਰਣ ਬਣਦਾ ਹੈ। [7]ਕਲਾਈਡ ਐੱਮ. ਵੁਡਸ, *ਲੇਵੀਆਂ ਦੀ ਪੋਥੀ–ਗਿਣਤੀ–ਬਿਵਸਥਾ ਸਾਰ*, ਦ ਲਿਵਿੰਗ ਵੇ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ, ਜਿਲਦ 2 (ਸ਼ਰੇਵੇਪੋਰਟ, ਲੁਇਸਿਆਨਾ: ਲੈਂਬਰਟ ਬੁਕ ਹਾਊਸ, 1974), 9. [8]ਗੇਨ, 98. [9]ਵਾਈਨ, ਅੰਗਰ, ਐਂਡ ਵਾਈਟ, 232. [10]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ,* ਜਿਲਦ 2, *ਉਤਪਤ–ਗਿਣਤੀ,* ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1990), 547–48 ਵਿਚ ਆਰ. ਲੇਅਰਡ ਹੈਰਿਸ, ''ਲੇਵੀਆਂ ਦੀ ਪੋਥੀ।''

[11]ਸ਼ਾਇਦ ਇਸ ਤੱਥ ਦੇ ਅਧਾਰ ਤੇ ਕਿ ਮੂਸਾ ਦੀ ਸ਼ਰ੍ਹਾ ਵਿਚ ਜਾਣ–ਬੁੱਝ ਕੇ ਕੀਤੇ ਗਏ ਪਾਪਾਂ ਲਈ ਕੋਈ ਕੁਰਬਾਨੀ ਨਹੀਂ ਦਿੱਤੀ ਗਈ ਸੀ, ਇਬਰਾਨੀਆਂ ਦੇ ਲੇਖਕ ਨੇ ਕਿਹਾ ਕਿ ਪਾਪ ਕਰਨ ਵਾਲੇ ਮਸੀਹੀਆਂ ਦੀਆਂ ਰੂਹਾਂ ਦੇ ਗੁਆਚ ਜਾਣ ਅਤੇ ''ਜੀਉਂਦੇ ਪਰਮੇਸ਼ੁਰ ਦੇ ਹੱਥ ਵਿਚ'' ਪੈਣ ਦਾ ਖ਼ਤਰਾ ਹੈ (ਇਬਰਾਨੀਆਂ 10:26–31)। ਪਰਮੇਸ਼ੁਰ ਕਿਸੇ ਨੂੰ ਵੀ ਜਿਹੜਾ ਤੋਬਾ ਕਰਦਾ ਹੈ ਮਾਫ਼ ਕਰ ਦਿੰਦਾ ਹੈ। ਪਰ ਜਾਣ–ਬੁੱਝ ਕੇ ਪਾਪ ਕਰੀ ਜਾਣ ਵਾਲੇ ਵਿਅਕਤੀ ਲਈ ਕੋਈ ਕੁਰਬਾਨੀ ਨਹੀਂ ਹੈ। ''ਬੇਇਰਾਦਾ'' ਅਤੇ ''ਇਰਾਦੇ ਵਾਲੇ'' ਪਾਪਾਂ ਦੀ ਇਕ ਚਰਚਾ ਕੋਏ ਡੀ. ਰੋਪਰ, *ਗਿਣਤੀ*, ਟਰੁੱਥ ਫ਼ਾਰ ਟੁਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2012), 218–23 ਵਿਚ ਮਿਲਦੀ ਹੈ। ਨਾਲੇ ਇਹ ਵੀ ਵੇਖਿਆ ਜਾਣਾ ਚਾਹੀਦਾ ਹੈ ਕਿ ਪਾਪ ਦੀ ਭੇਟ ਮੌਤ ਦੀ ਸਜ਼ਾ ਵਾਲੇ ਜੁਰਮਾਂ, ਭਾਵ ਉਨ੍ਹਾਂ ਪਾਪਾਂ ਲਈ ਜਿਨ੍ਹਾਂ ਦੀ ਸਜ਼ਾ ਮੌਤ ਸੀ (ਜਿਵੇਂ ਵਿਭਚਾਰ ਅਤੇ ਕਤਲ), ਲਈ ਮਾਫ਼ੀ ਨਹੀਂ ਹੈ। [12]ਵੇਖੋ ਲੁਡਵਿਗ ਕੋਹੇਲਰ ਐਂਡ ਵਾਲਟਰ ਬਾਮਗਰਟਨਰ, *ਦ ਹਿਬਰੂ ਐਂਡ ਅਰੈਮਿਕ ਲੈਕਸਿਕਨ ਆਫ਼ ਦ ਓਲਡ ਟੈਸਟਾਮੈਂਟ*, ਸਟੱਡੀ ਐਡਿ., ਅਨੁ. ਅਤੇ ਸੰਪਾ. ਐੱਮ. ਈ. ਜੇ. ਰਿਚਰਡਸਨ (ਬੋਸਟਨ: ਬ੍ਰਿੱਲ, 2001), 1:305. [13]ਇੱਥੇ ਵਰਤੇ ਗਏ ਤਰੀਕੇ ਅਤੇ ਹੋਮ ਬਲੀ ਲਈ ਵਰਤੇ ਗਏ ਤਰੀਕੇ ਵਿਚਕਾਰ ਇਕ ਸਾਫ਼ ਫ਼ਰਕ ਇਹ ਹੈ ਕਿ ਹੋਮ ਬਲੀ ਵਿਚ ਕੁਰਬਾਨੀ ਲਿਆਉਣ ਵਾਲਾ ਵਿਅਕਤੀ ''ਸੰਸਾਰੀ'' ਵਿਅਕਤੀ ਹੁੰਦਾ ਸੀ ਜਿਸ ਕਰਕੇ ਉਹ ਆਪ ਲਹੂ ਨਹੀਂ ਛਿੜਕ ਸਕਦਾ ਸੀ ਜਾਂ ਜਾਨਵਰ ਦੇ ਹਿੱਸੇ ਜਗਵੇਦੀ ਉੱਤੇ ਨਹੀਂ ਰੱਖ ਸਕਦਾ ਸੀ। ''ਮਸਹ ਕੀਤੇ ਹੋਏ ਯਾਜਕ'' ਦੇ ਮਾਮਲੇ ਵਿਚ ਯਾਜਕ ਕੁਰਬਾਨੀ ਲਿਆਉਣ ਵਾਲੇ (ਪਾਪੀ) ਅਤੇ ਯਾਜਕ ਦੋਹਾਂ ਦਾ ਕੰਮ ਕਰ ਸਕਦਾ ਸੀ ਅਤੇ ਕਰਦਾ ਸੀ। ਯਾਜਕ ਦੇ ਰੂਪ ਵਿਚ ਉਹਨੂੰ ਜਗਵੇਦੀ ਉੱਤੇ ਲਹੂ ਛਿੜਕਣ ਅਤੇ ਜਾਨਵਰ ਨੂੰ ਰੱਖਣ ਦਾ ਖ਼ੁਦਾ ਵਲੋਂ ਇਖ਼ਤਿਆਰ ਸੀ। [14]ਐਲਨ ਪੀ. ਰੌਸ ਨੇ ਲਿਖਿਆ, ''ਜਾਨਵਰ ਨਾਲ ਮਿਲਾਉਣ ਦੇ ਇਸ ਕਾਰਜ [ਜਾਨਵਰ ਦੇ ਸਿਰ ਉੱਤੇ ਆਪਣਾ ਹੱਥ ਰੱਖਣ] ਨਾਲ ਦੋਸ਼ੀ ਵਿਅਕਤੀ ਇਹ ਮੰਨ ਲੈਂਦਾ ਸੀ ਕਿ ਉਸ ਦੀ ਜਾਨ ਉਨ੍ਹਾਂ ਦੇ ਬਦਲੇ ਜਾ ਰਹੀ ਹੈ। ਉਨ੍ਹਾਂ ਦੇ ਹੱਥੋਂ ਜਾਨਵਰ ਦਾ ਮਰਨਾ ਉਨ੍ਹਾਂ ਨੂੰ ਇਸ ਬੁਨਿਆਦੀ ਸਚਿਆਈ ਨੂੰ ਯਾਦ ਕਰਵਾਉਂਦਾ ਸੀ ਕਿ ਪਾਪ ਦੀ ਸਜ਼ਾ ਮੌਤ ਹੈ। ਉਨ੍ਹਾਂ ਦੀ ਥਾਂ ਜਾਨਵਰ ਦੀ ਮੌਤ ਉਨ੍ਹਾਂ ਨੂੰ ਇਹ ਸਮਝਣ ਦੇ ਯੋਗ ਬਣਾਉਂਦੀ ਸੀ ਕਿ ਉਹ ਪਰਮੇਸ਼ੁਰ ਦੀ ਕਿਰਪਾ ਨਾਲ ਜ਼ਿੰਦਾ ਹਨ'' (ਐਲਨ ਪੀ. ਰੌਸ, *ਹੋਲਿਨੈੱਸ ਟੂ ਦ ਲੌਰਡ: ਏ ਗਾਈਡ ਟੂ ਦ ਐਕਸਪੋਜ਼ਿਸ਼ਨ ਆਫ਼ ਦ ਬੁਕ ਆਫ਼ ਲੇਵੀਆਂ ਦੀ ਪੋਥੀ* [ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਅਕੈਡਮਿਕ, 2002], 131. [15]ਇਕ ਹੋਰ ਵਿਚਾਰ ਇਹ ਹੈ ਕਿ ''ਇਹ ਸੜਨਾ ... ਰਸਮੀ ਨਹੀਂ ਹੈ ਬਲਕਿ ਜਾਨਵਰ ਦੀ ਲਾਸ਼ ਦਾ ਸਹੀ ਢੰਗ ਨਾਲ ਨਿਪਟਾਰਾ ਹੈ ਕਿਉਂ ਜੋ ਇਹ ਅੱਤ ਪਵਿੱਤਰ ਹੈ ਅਤੇ ਇਸ ਨੂੰ ਦੂਸ਼ਿਤ ਨਹੀਂ ਕੀਤਾ ਜਾ ਸਕਦਾ। ਇਸ ਨਿਯਮ ਤੋਂ ਇਹ ਸੰਕੇਤ ਮਿਲਦਾ ਹੈ ਕਿ ਕੁਰਬਾਨੀ ਵਿੱਚੋਂ ... ਚਰਬੀ ਮਿਲੀ ਸੁਆਹ ਦੇ ਨਿਪਟਾਰੇ ਲਈ ਡੇਰਿਓਂ ਬਾਹਰ ਇਕ [ਪਵਿੱਤਰ] ਥਾਂ ਹੈ ਸੀ (ਤੁਲਨਾ 1:16)'' (ਜੌਨ ਈ. ਹਾਰਟਲੇ, *ਲੇਵੀਆਂ ਦੀ ਪੋਥੀ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 4 [ਡੱਲਾਸ: ਵਰਡ ਬੁਕਸ, 1992], 61)। ਇਸ ਤੋਂ ਇਲਾਵਾ ਟੀਕਾਕਾਰ ਦੱਸਦੇ ਹਨ ਕਿ ਡੇਰਿਓਂ ਬਾਹਰ ਜਾਨਵਰ ਦੇ ਬਾਕੀ ਹਿੱਸੇ ਦਾ ਸੜਨਾ ''ਡੇਰਿਓਂ ਬਾਹਰ ... ਫਾਟਕੋਂ ਬਾਹਰ'' (ਇਬਰਾਨੀਆਂ 13:10–13) ਯਿਸੂ ਦੇ ਦੁੱਖ ਸਹਿਣ ਅਤੇ ਮੌਤ ਨੂੰ ਦਰਸਾਉਂਦਾ

ਹੈ। [16]ਆਈਜ਼ਕ ਅਬ੍ਰੇਵੇਨਲ (ਇਕ ਮੱਧਕਾਲੀ ਯਹੂਦੀ ਵਿਦਵਾਨ) ਦੀ ਗੱਲ ਨਾਲ ਸਹਿਮਤ ਹੁੰਦਿਆਂ ਜੇਕਬ ਮਿਲਗ੍ਰੋਮ ਨੇ ਸੁਝਾਅ ਦਿੱਤਾ ਕਿ ਮਹਾਯਾਜਕ ਦੇ ਪਾਪ ਅਤੇ ਮੰਡਲੀ ਦੇ ਪਾਪ ਲਈ ਭੇਟ ਦਾ ''ਇੱਕੋ ਮਾਮਲਾ'' ਹੋ ਸਕਦਾ ਹੈ। ਮਹਾਯਾਜਕ ਨੇ ਪਰਮੇਸ਼ੁਰ ਦੀ ਸ਼ਰ੍ਹਾ ਨੂੰ ਤੋੜਿਆ ਅਤੇ ਇਸ ਤਰ੍ਹਾਂ ਉਹਨੇ ਪਾਪ ਕੀਤਾ; ਪਰ ਉਸਨੇ ਮੰਡਲੀ ਤੋਂ ਵੀ ਪਾਪ ਕਰਵਾਇਆ। ਇਸ ਦਾ ਮਤਲਬ ਇਹ ਹੋਇਆ ਕਿ ਮਹਾਯਾਜਕ ਅਤੇ ਮੰਡਲੀ ਦੋਹਾਂ ਵੱਲੋਂ ਪ੍ਰਾਸਚਿਤ ਕੀਤੇ ਜਾਣਾ ਜ਼ਰੂਰੀ ਸੀ। (ਜੇਕਬ ਮਿਲਗ੍ਰੋਮ, *ਲੇਵੀਆਂ ਦੀ ਪੋਥੀ 1–16*, ਦ ਐਂਕਰ ਬਾਈਬਲ [ਨਿਊ ਯਾਰਕ: ਡਬਲਡੇ, 1991], 241.) ਮਿਲਗ੍ਰੋਮ ਦੇ ਵਿਚਾਰ ਨੂੰ ਅੱਗੇ ਵਧਾਉਂਦਿਆਂ, ਕਲਾਈਡ ਐੱਮ. ਵੁਡਸ ਅਤੇ ਜਸਟਿਨ ਐੱਮ. ਰੋਜਰਸ ਨੇ ਕਿਹਾ, ''ਇਹ ਸੁਝਾਅ ਯਕੀਨਨ ਇਹ ਦੱਸਦਾ ਹੈ ਕਿ ਸਾਰੇ ਇਸਰਾਏਲੀਆਂ ਲਈ ਇੱਕੋ ਵੇਲੇ ਪਾਪ ਕਰਨਾ ਕਿਵੇਂ ਸੰਭਵ ਹੈ। ਇਸ ਦੇ ਨਾਲ ਹੀ, ਇਹ ਇਹ ਵੀ ਦੱਸਦਾ ਹੈ ਕਿ ਮੰਡਲੀ ਦਾ ਪਾਪ ਉਨ੍ਹਾਂ ਦੀ ਨਜ਼ਰ ਤੋਂ ਕਿਵੇਂ ਲੁਕਿਆ ਰਹਿ ਸਕਦਾ ਹੈ'' (ਕਲਾਈਡ ਐੱਮ. ਵੁਡਸ ਐਂਡ ਜਸਟਿਨ ਐੱਮ. ਰੋਜਰਸ, *ਲੇਵੀਆਂ ਦੀ ਪੋਥੀ–ਗਿਣਤੀ*, ਦ ਕਾਲਜ ਪ੍ਰੈੱਸ NIV ਕਮੈਂਟਰੀ [ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2006], 55, ਐੱਨ. 63)। [17]''ਕਬੀਲੇ ਦੇ *ਪ੍ਰਧਾਨ* ਲਈ ਦੱਸੀ ਗਈ ਪਾਪ ਦੀ ਭੇਟ ਪਠੋਰਾ ਨਰ ਸੀ ਜੋ ਕਿ ਜਵਾਨ ਬਲਦ ਨਾਲੋਂ ਤਾਂ ਸਸਤੀ ਸੀ (ਆਇਤਾਂ 3, 14) ਪਰ ਬੱਕਰੀਆਂ ਵਿੱਚੋਂ ਪੱਠ ਨਾਰੀ ਨਾਲੋਂ ਮਹਿੰਗੀ (ਆਇਤਾਂ 28, 32 ...)'' (ਵੁਡਸ ਐਂਡ ਰੋਜਰਸ, 56)। [18]4:31 ਵਿਚ ''ਅਤੇ ਉਹ ਉਹਨੂੰ ਖਿਮਾ ਹੋ ਜਾਵੇਗੀ'' ਦੀ ਬਜਾਇ ਇਸ ਵਚਨ ਦਾ ਅਨੁਵਾਦ ''ਤਾਂ ਜੋ ਉਹਨੂੰ ਮਾਫ਼ੀ ਮਿਲ ਸਕੇ'' ਹੋ ਸਕਦਾ ਹੈ (ਵੇਖੋ CEV)। [19]ਐਂਡ੍ਰਿਊ ਜਿਊਕਸ, *ਦ ਲਾਅ ਆਫ਼ ਆਫ਼ਰਿੰਗਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਕ੍ਰੇਗਲ ਪਬਲੀਕੇਸ਼ੰਜ਼, ਮਿਤੀ ਰਹਿਤ), 142. [20]ਐੱਸ. ਐੱਚ. ਕੈਲੋਗ, *ਦ ਬੁਕ ਆਫ਼ ਲੇਵੀਆਂ ਦੀ ਪੋਥੀ*, 3ਜਾ ਸੰਸਕ. (ਪੰਨਾ ਰਹਿਤ: ਏ. ਸੀ. ਆਰਮਸਟ੍ਰੌਂਗ ਐਂਡ ਸਨ, 1899; ਰੀਪ੍ਰਿੰਟ, ਮਿਨਿਆਪੋਲਿਸ: ਕਲੌਕ ਐਂਡ ਕਲੌਕ ਕ੍ਰਿਸਚਿਅਨ ਪਬਲੀਸ਼ਰਜ਼, 1978), 137–38.

[21]ਸੀ. ਐੱਚ. ਮੈਕਿੰਟੋਸ਼, *ਉਤਪਤ ਟੂ ਬਿਵਸਥਾ ਸਾਰ: ਨੋਟਸ ਆਨ ਦ ਪੈਂਟਾਟਿਊਕ* (ਨੇਪਚਿਊਨ, ਨਿਊ ਜਰਸੀ: ਲੋਏਜ਼ੋਕਸ ਬ੍ਰਦਰਜ਼, 1972), 324. [22]ਇਨ੍ਹਾਂ ਦੇ ਤਹਿਤ ਉਨ੍ਹਾਂ ਸਣੇ ਜਿਹੜੇ ਛੋਟੇ ਹਨ ਅਤੇ ਜਿਹੜੇ ਦਿਮਾਗੀ ਤੌਰ ਤੇ ਕਮਜ਼ੋਰ ਹਨ, ਜ਼ਿੰਮੇਵਾਰੀ ਦੀ ਉਮਰ ਤਕ ਨਾ ਅੱਪੜਨ ਵਾਲੇ ਨਹੀਂ ਆਉਂਦੇ।